ISSN 0972-2335

# ਅੰਮ੍ਰਿਤ ਕੀਰਤਨ

ਮਾਰਚ 2017



(From left) Adam Berry, Gurujas Khalsa and Hari Jiwan Singh Khalsa of the musical group White Sun after winning the Grammy award in Los Angeles. (AP File Photo)

ਮੁੱਲ 15/-

ਆਨਰੇਰੀ ਸੰਪਾਦਕ
ਡਾ. ਜਾਗੀਰ ਸਿੰਘ

Posting Every 1st of Month
Posted by MBU Chd.

# ਆਪ ਗਵਾਈਐ ਤਾਂ ਸ਼ਹੁ ਪਾਈਐ

ਕੱਢ ਜਿਗਰਾ ਮੈਂ ਲਈ ਹਾਂ ਬੈਠੀ,

    ਸੁਹਣੇ ਦੀ ਭੇਂਟ ਚੜ੍ਹਾਵਣ ਨੂੰ।

ਹਿਜਰ ਦਾ ਲੂਣ ਬ੍ਰਿਹੋਂ ਦੀਆਂ ਮਿਰਚਾਂ


    ਸਿੱਕ ਦੀ ਅਗਨ ਜਲਾਵਣ ਨੂੰ।

ਮਗ਼ਜ਼ ਦੀ ਚਰਬੀ, ਨਾਲ ਹੱਥਾਂ ਦੇ

    ਵਿੱਚ ਪਾ ਖੋਪੜੀ ਭੁੱਨਾਂ।

ਹਾੜੇ ਕਰਾਂ ਸੰਤੋਖ ਸਬਰ ਦੇ,

    ਕਿਤੇ ਰੀਝੇ, ਚੱਲੀਆਂ ਰਿਝਾਵਨ ਨੂੰ।



# आप गवाईये तां ाहु पाईये

कढ जिगरा मैं लई हां बैठी,

    सुहणे दी भेंट चढ़वण नूं।

हिजर दा लूण बिरहो दीयां मिर्चा,

    सिक्क दी अग्नि जलावण नूं।

मग़ज़ दी चर्बी नाल हत्थां दे,

    विच्च पा खोपड़ी भुन्नां।

हाड़े करां संतोख सबर दे,

    किते रीझे, चल्लीआं रिझावन नूं।

**ਪੁਸਤਕ -ਗੁੱਝੀਆਂ ਰਮਜ਼ਾਂ : ਕਵੀ ਸੁਰਗਵਾਸੀ ਸੰਤ ਸੰਤੋਖ ਸਿੰਘ**

# ਅੰਮ੍ਰਿਤ ਕੀਰਤਨ


ਸੰਪਾਦਕ (ਆਨਰੇਰੀ)

**ਡਾ. ਜਾਗੀਰ ਸਿੰਘ**

ਐਮ.ਏ. (ਸੰਗੀਤ, ਪੰਜਾਬੀ, ਧਾਰਮਿਕ ਅਧਿਐਨ), ਪੀਐਚ. ਡੀ

ਸਹਿਯੋਗੀ

**ਸ. ਹਰਭਜਨ ਸਿੰਘ ▲ ਸ. ਉੱਤਮ ਸਿੰਘ**

ਆਨਰੇਰੀ ਸਲਾਹਕਾਰ

**ਸ: ਹਰਚੰਦਨ ਸਿੰਘ**


- ▲ ਲੇਖਾਂ ਵਿੱਚ ਪ੍ਰਗਟਾਏ ਵਿਚਾਰ ਲੇਖਕਾਂ ਦੇ ਨਿੱਜੀ ਹਨ। ਇਨ੍ਹਾਂ ਨਾਲ ਸੰਪਾਦਕ ਜਾਂ ਅੰਮ੍ਰਿਤ ਕੀਰਤਨ ਟ੍ਰਸਟ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।
- ▲ 'ਅੰਮ੍ਰਿਤ ਕੀਰਤਨ' ਡਾਇਰੈਕਟਰ ਸਿੱਖਿਆ ਵਿਭਾਗ ਪੰਜਾਬ, ਚੰਡੀਗੜ੍ਹ ਦੇ ਪੱਤਰ ਨੰ: ੪/੮/੯੦ ਮਿਤੀ ੨੦/੨/੯੧ ਅਨੁਸਾਰ ਰਾਜ ਦੇ ਸੀਨੀਅਰ ਸੈਕੰਡਰੀ ਸਕੂਲਾਂ ਦੀਆਂ ਲਾਇਬ੍ਰੇਰੀਆਂ ਲਈ ਪ੍ਰਵਾਨਿਤ ਹੈ।

ਚੰਦੇ ਦਾ ਵੇਰਵਾ

- ▲ ਇਕ ਕਾਪੀ 15 ਰੁ.,
  ਦੇਸ਼ ਸਾਲਾਨਾ ਚੰਦਾ 150 ਰੁ.
  ਜੀਵਨ ਮੈਂਬਰ ਚੰਦਾ 1500 ਰੁ.
- ▲ ਵਿਦੇਸ਼: ਸਲਾਨਾ ਚੰਦਾ 30 £, ਜੀਵਨ ਮੈਂਬਰ ਚੰਦਾ 300 £
- ▲ 'ਅੰਮ੍ਰਿਤ ਕੀਰਤਨ' ਲਈ ਡਰਾਫਟ, ਮਾਇਕ ਸਹਾਇਤਾ, ਚਿੱਠੀ ਪੱਤਰ ਅਤੇ ਰਚਨਾਵਾਂ ਭੇਜਣ ਲਈ ਪਤਾ–


ਅੰਮ੍ਰਿਤ ਕੀਰਤਨ ਟ੍ਰਸਟ (ਰਜਿ.)

422, ਸੈਕਟਰ 15–ਏ, ਚੰਡੀਗੜ੍ਹ 160 015

ਫੋਨ : 0172-2772660, 098140 53630

e-mail: drjagirsingh@gmail.com
Website : www.amritkirtan.com, www.gurshabad.com



ਡਾ. ਜਾਗੀਰ ਸਿੰਘ, ਪ੍ਰਧਾਨ 'ਅੰਮ੍ਰਿਤ ਕੀਰਤਨ ਟ੍ਰਸਟ' ਨੇ ਸਿਰਜਣਾ ਪ੍ਰਿੰਟਰਜ਼ ਅਤੇ ਸਟੇਸ਼ਨਰਜ਼, ਸ਼ੋਅਰੂਮ ਨੰ: 443, ਮਟੌਰ, ਸੈਕਟਰ 70, ਮੁਹਾਲੀ ਫੋਨ : 0172-2216283, 98150-72197ਤੋਂ ਛਪਵਾ ਕੇ 422, ਸੈਕਟਰ 15-ਏ, ਚੰਡੀਗੜ੍ਹ ਤੋਂ ਪ੍ਰਕਾਸ਼ਿਤ ਕੀਤਾ।


## ਇਸ ਅੰਕ ਵਿਚ


| | |
|---|---|
| **ਸੰਪਾਦਕੀ : ਕਰਉ ਬੇਨੰਤੀਆ**<br>ਸੰਤਾਨ ਮਾਤਾ ਅਤੇ ਪਿਤਾ ਦੀ ਸੇਵਾ | 4 |
| ਕੋਹਿਨੂਰ ਦਾ ਪਾਰਖੂ ਰਾਇ ਬੁਲਾਰ ਖਾਨ ਸਾਹਿਬ<br>–ਹਰਪਾਲ ਸਿੰਘ ਪਨੂੰ | 6 |
| ਪੱਤਿਆਂ ਤੋਂ ਲਾਲੀ ਤੱਕ – ਬਾਵਾ ਬਲਵੰਤ | 17 |
| BHAI PRITHIPAL SINGH<br>MOHAN PAL SINGH A LINK WITH THE MUSICAL HERITAGE OF NANKANA SAHIB<br>Harjap Singh Aujla | 20 |
| Grammy Awards 2017: Wanted to bring Gurbani to a larger audience, says White Sun singer Gurujas<br>Manraj Grewal Sharma - | 22 |
| ਸੁਰ ਲਿਪੀ ਰਾਗ ਤਿਲੰਗ (ਝਪਤਾਲ) | 23 |


### ਵਿਸ਼ੇਸ਼ ਸੂਚਨਾ

ਅੰਮ੍ਰਿਤ ਕੀਰਤਨ ਇਕ ਵਿਸ਼ੇਸ਼ ਪ੍ਰਕਾਰ ਦਾ ਮਾਸਿਕ ਪੱਤਰ ਹੈ। ਜੇ ਇਹ ਤੁਹਾਨੂੰ ਨਹੀਂ ਚਾਹੀਦਾ ਤਾਂ ਤੁਸੀਂ ਐਡਰੈੱਸ ਰੈਪਰ (ਕਵਰ ਪੇਪਰ) 'ਤੇ ਵਾਪਿਸ ਜਾਵੇ ਜਾਂ Return ਲਿਖ ਕੇ ਪੋਸਟ ਬਾਕਸ ਵਿਚ ਪਾ ਦਿਉ ਤਾਂ ਜੋ ਅੱਗੇ ਤੋਂ ਤੁਹਾਨੂੰ ਮੈਗਜ਼ੀਨ ਬੰਦ ਕਰ ਦਿੱਤਾ ਜਾਵੇ ਜਾਂ 9814053630 'ਤੇ ਸੂਚਿਤ ਕਰੋ ਜੀ।

### ਮਾਇਕ ਸਹਾਇਤਾ ਭੇਜਣ ਦੀ ਕਿਰਪਾ ਕਰੋ ਜੀ

ਚੈੱਕ ਜਾਂ ਡਰਾਫਟ 'ਅੰਮ੍ਰਿਤ ਕੀਰਤਨ ਟ੍ਰਸਟ' ਦੇ ਨਾਮ ਹੀ ਭੇਜੇ ਜਾਣ ਜੀ। ਜਾਂ State Bank of Patiala ਵਿਚ Amrit Kirtan Trust A/c 65079603302, IFSC:STBP0000240 ਵਿਚ ਸਿੱਧਾ ਜਮਾਂ ਕਰਾ ਕੇ ਸਾਨੂੰ ਨਾਮ ਅਤੇ ਐੱਡਰੈੱਸ ਜ਼ਰੂਰ ਸੂਚਿਤ ਕਰੋ ਜੀ ਤਾਂ ਜੋ ਅਸੀਂ ਰਸੀਦ ਕੱਟ ਸਕੀਏ।

Donations to AMRIT KIRTAN TRUST are eligible for relief u/s 80 G of Income-Tax Act, 1961 (43 of 1961) vide CIT/- I/ CHD/ Tech./ 80-G/ 2008-939 dated 19-05- 2008 valid up to 31/03/2012 and now valid in perpetuity.

Cheque should be sent in the name of AMRIT KIRTAN TRUST payable at chandigarh. Donations also can be sent by money order

# ਕਰਉ ਬੇਨੰਤੀਆ

## ਸੰਤਾਨ ਅਤੇ ਮਾਤਾ ਪਿਤਾ ਦੀ ਸੇਵਾ

ਇੱਕ ਦਿਨ ਅੰਮ੍ਰਿਤ ਕੀਰਤਨ ਪੋਥੀ ਵਾਚਦਿਆਂ ਭਾਈ ਗੁਰਦਾਸ ਜੀ ਰਚਿਤ ਇੱਕ ਪਉੜੀ ਤੇ ਨਜਰ ਗਈ ਤੇ ਮੈਂ ਉਸ ਨੂੰ ਪੜ੍ਹਨ ਲੱਗ ਪਿਆ।

ਮਾਂ ਪਿਉ ਪਰਹਰਿ ਸੁਣੇ ਵੇਦੁ ਭੇਦ ਨ ਜਾਣੈ ਕਥਾ ਕਹਾਣੀ। ।
ਮਾਂ ਪਿਉ ਪਰਹਰਿ ਕਰੈ ਤਪੁ ਵਣਖੰਡਿ ਭੁਲਾ ਫਿਰੈ ਬਿਬਾਣੀ। ।
ਮਾਂ ਪਿਉ ਪਰਹਰਿ ਕਰੈ ਪੂਜੁ ਦੇਵੀ ਦੇਵ ਨ ਸੇਵ ਕਮਾਣੀ। ।
ਮਾਂ ਪਿਉ ਪਰਹਰਿ ਨਾਵਣਾ ਅਠਸਠਿ ਤੀਰਥ ਘੁੰਮਣਵਾਣੀ।
ਮਾਂ ਪਿਉ ਪਰਹਰਿ ਕਰੈ ਦਾਨ ਬੇਈਮਾਨ ਅਗਿਆਨ ਪਰਾਣੀ। ।
ਮਾਂ ਪਿਉ ਪਰਹਰਿ ਬਰਤ ਕਰਿ ਮਰਿ ਮਰਿ ਜੰਮੈ ਭਰਮਿ ਭੁਲਾਣੀ।
ਗੁਰੁ ਪਰਮੇਸਰੁ ਸਾਰ ਨ ਜਾਣੀ।

ਮਾਤਾ ਪਿਤਾ ਨੂੰ ਤਿਆਗ ਕੇ ਕੀਤੇ ਸਾਰੇ ਧਾਰਮਿਕ ਕਾਰਜ ਵਿਅਰਥ ਹਨ। ਇਸ ਗੱਲ ਨੇ ਮੈਨੂੰ ਆਪਣੇ ਅੰਦਰ ਝਾਤੀ ਮਾਰਨ ਲਈ ਮਜਬੂਰ ਕਰ ਦਿੱਤਾ। ਮੇਰੇ ਮਾਤਾ ਪਿਤਾ ਜੀ ਨੇ ਕਿਸੇ ਕੋਲੋਂ ਬਹੁਤੀ ਸੇਵਾ ਨਹੀਂ ਕਰਵਾਈ। ਮੇਰੇ ਛੋਟੇ ਭਰਾਵਾਂ (ਡਾ ਬਚਿਤਰ ਸਿੰਘ ਅਤੇ ਡਾ ਗੁਰਨਾਮ ਸਿੰਘ) ਨੇ ਉਹਨਾਂ ਦੀ ਸੁਚੱਜੀ ਸੰਭਾਲ ਕੀਤੀ। ਇਸ ਲਈ ਮੈਨੂੰ ਉਹਨਾਂ ਦੀ ਸੇਵਾ ਦਾ ਮੌਕਾ ਘਟ ਹੀ ਮਿਲਿਆ। ਹਾਂ, ਜਦੋਂ ਇੱਕ ਵਾਰ ਮੇਰੇ ਪਿਤਾ ਜੀ ਬਿਮਾਰ ਹੋਏ ਤਾਂ ਪੀ ਜੀ ਆਈ ਉਹਨਾਂ ਦੀ ਬਹੁਤੀ ਸੇਵਾ ਮੇਰੀ ਪਤਨੀ ਜੋ ਉਸ ਸਮੇ ਉਥੇ ਨਰਸ ਸੀ ਉਸਨੇ ਕੀਤੀ। ਪਰ ਕਈ ਵਾਰ ਬਹੁਤੇ ਬਜ਼ੁਰਗ ਜਦੋਂ ਮਿਲਦੇ ਹਨ ਉਹ ਇਹ ਕਹਿੰਦੇ ਹਨ ਕਿ ਪਰਮਾਤਮਾ ਅੱਗੇ ਹਮੇਸ਼ਾ ਇਹੀ ਅਰਦਾਸ ਕਰਦੇ ਹਾਂ ਉਹ ਕਿਸੇ ਕੋਲੋਂ ਸਾਡੀ ਸੇਵਾ ਨਾ ਕਰਵਾਵੇ। ਇਹ ਅਜੀਬ ਗੱਲ ਲੱਗੀ ਬਜ਼ੁਰਗ ਸੇਵਾ ਕਰਵਾਉਣਾ ਨਹੀਂ ਚਾਹੁੰਦੇ ਤੇ ਔਲਾਦ ਨੂੰ ਸੇਵਾ ਕਰਨੀ ਚਾਹੀਦੀ ਹੈ। ਇਸ ਸੋਚ ਨੇ ਮੈਨੂੰ ਕੁਝ ਹੋਰ ਜਾਣਨ ਲਈ ਪ੍ਰੇਰਿਆ। ਭਾਈ ਕਾਹਨ ਸਿੰਘ ਜੀ ਦਾ ਗ੍ਰੰਥ ਗੁਰਮਤ ਮਾਰਤੰਡ ਵੇਖਿਆ ਤਾਂ ਉਸ ਵਿੱਚ ਇੱਕ ਐਂਟਰੀ ਹੈ -ਮਾਤਾ ਪਿਤਾ ਦੀ ਸੇਵਾ ਤੇ ਮਾਨ੍ਹ

ਇਸ ਵਿੱਚ ਉਹਨਾਂ ਨੇ ਕਈ ਹਵਾਲੇ ਦਿੰਦਿਆਂ ਇਸ ਗੱਲ ਨੂੰ ਸਪਸ਼ਟ ਕਰਨ ਦੀ ਕੋਸ਼ਿਸ਼ ਕੀਤੀ ਹੈ। ਭਾਈ ਸਾਹਿਬ ਲਿਖਦੇ ਹਨ-ਸੰਤਾਨ ਦਾ ਧਰਮ ਹੈ ਕਿ ਮਾਤਾ ਪਿਤਾ ਨੂੰ ਦੇਵਤਾ ਰੂਪ ਜਾਣਕੇ ਸੇਵਾ ਕਰੇ। ਅਤੇ ਆਗਿਆ ਦਾ ਪਾਲਨ ਕਰ ਕੇ ਆਤਮਾ ਪ੍ਰਸੰਨ ਕਰੇ ਅਰ ਸੁਯੋਗਤਾ ਦੁਆਰਾ ਉੱਤਮ ਆਚਾਰ ਦੇ ਪ੍ਰਭਾਵ ਨਾਲ ਕੁੱਲ ਭੂਸ਼ਣ ਹੋਵੇ। ਇਸ ਬਾਰੇ ਉਹਨਾਂ ਤੈਤਿਰੀਯ ਉਪਨਿਸ਼ਦ ਦਾ ਹਵਾਲਾ ਦਿੱਤਾ ਤੇ ਨਾਲ ਹੀ ਬਾਈਬਲ ਵਿਚੋਂ ਇੱਕ ਕਥਨ ਲਿਖਿਆ-.ਰਅਰਚਗ ਵੀਖ ਿਵੀਕਗ਼ ਅਦ ਵੀਖ ਠਰਵੀਕਗਯ ਵ਼ੀਵ ਵੀਖ ਦ਼ਖਤ ਨ਼ਖ ਲਕ ;ਰਅਪ ਚਬਰਅ ਵੀਕ ;ਅਦ ਮੀਜਫੀ ਵੀਕ ;ਰਗਦ ਵੀਖ ਭਰਦ ਪਜਡਕਵੀ ਵੀਕਕ। ਇਕ ਥਾਂ ਭਗਤ ਕਬੀਰ ਜੀ ਉਚਾਰਦੇ ਹਨ-

ਜਿਹ ਕੁਲਿ ਪੂਤੁ ਨ ਗਿਆਨ ਬੀਚਾਰੀ।
ਬਿਧਵਾ ਕਸ ਨ ਭਈ ਮਹਤਾਰੀ।

ਭਾਵ ਇਹ ਹੈ ਵਿਦਵਾਨ ਅਤੇ ਵਿਵੇਕੀ ਸੰਤਾਨ ਤੋਂ ਬਿਨ੍ਹਾਂ ਨਾਲਾਇਕ ਔਲਾਦ ਦਾ ਨਾ ਹੋਣਾ ਅਛਾ ਹੈ। ਗੁਰਬਾਣੀ ਵਿੱਚ ਹੋਰ ਪਵਿੱਤਰ ਤੁੱਕਾਂ ਵੀ ਵਾਚਣ ਯੋਗ ਹਨ-

ਕਾਹੇ ਪੂਤ ਝਗਰਤ ਹਉ ਸੰਗਿ ਬਾਪ।
ਜਿਨ ਕੇ ਜਣੇ ਬਡੀਰੇ ਤੁਮ ਹਉ ਤਿਨ ਸਿਉ ਝਗਰਤ ਪਾਪ। (ਸਾਰੰਗ ਮਹਲਾ 4)

ਗੁਰੂ ਅਰਜਨ ਦੇਵ ਜੀ ਗਾਥਾ ਬਾਣੀ ਵਿੱਚ ਫੁਰਮਾਨ ਹੈ-

ਅਪਜਸੰ ਮਿਟੰਤ ਸਤਪੁਤ੍ਰਹ। ।

ਇਸ ਦੀ ਵਿਆਖਿਆ ਭਾਈ ਕਾਹਨ ਸਿੰਘ ਨਾਭਾ ਨੇ ਇੰਜ ਕੀਤੀ ਹੈ- ਸਪੁੱਤ੍ਰ ਉਹ ਹੈ, ਜੋ ਕੁੱਲ ਦੇ ਕਲੰਕ ਨੂੰ ਮੇਟ ਕੇ ਯਸ਼ਵਾਨ ਕਰ ਦੇਵੇ, ਇਸ ਤੋਂ ਵਿਰੁੱਧ ਕਰਨ ਵਾਲਾ ਕੁਪੁੱਤ੍ਰ ਹੈ, ਜਿਸ ਬਾਬਤ ਭਾਈ ਗੁਰਦਾਸ

ਜੀ ਲਿਖਦੇ ਹਨ–
ਠੰਢਾ ਤਤਾ ਕੋਇਲਾ ਕਾਲਾ ਕਰੈ ਕਿ ਹਥ ਜਲਾਵੈ।
ਵੰਸ ਕੁਪੁੱਤ੍ਰ ਕੁਲੱਖਣਾ ਛਡੇ ਬਣੇ ਨ ਵਿਚਿ ਸਮਾਵੈ। (ਵਾਰ20)
ਭਾਈ ਗੁਰਦਾਸ ਜੀ ਨੇ ਵਾਰ 37 ਦੀ ਪਉੜੀ ਵਿੱਚ ਮਾਂ ਪਿਉ ਦੇ ਉਪਕਾਰ ਦੱਸ ਕੇ , ਉਹਨਾਂ ਦੀ ਸੇਵਾ ਕਰਨ ਅਤੇ ਆਗਿਆ ਮੰਨਣ ਦਾ ਉਪਦੇਸ਼ ਦਿੱਤਾ ਹੈ–
ਮਾਤ ਪਿਤਾ ਮਿਲਿ ਨਿੰਮਿਆ ਆਸਾਵੰਤੀ ਉਦਰੁ ਮਝਾਰੇ।
ਰਸ ਕਸ ਖਾਇ ਨਿਲਜ ਹੋਇ ਛੁਹ ਛੁਹ ਧਰਣਿ ਧਰੈ ਪਗ ਧਾਰੇ।
ਪੇਟ ਵਿਚਿ ਦਸ ਮਾਹ ਰਖਿ ਪੀੜਾ ਖਾਇ ਜਣੈ ਪੁਤੁ ਪਿਆਰੇ।
ਜਣ ਕੈ ਪਾਲੈ ਕਸ਼ਟ ਕਰਿ ਖਾਨ ਪਾਨ ਵਿਚਿ ਸੰਜਮ ਸਾਰੇ।
ਗੁੜ੍ਹਤੀ ਦੇਇ ਪਿਆਲਿ ਦੁਧੁ ਘੁਟੀ ਵਟੀ ਦੇਇ ਨਿਹਾਰੇ।
ਛਾਦਨੁ ਭੋਜਨੁ ਪੋਖਿਆ ਭੰਦਣਿ ਮੰਗਨਿ ਪੜ੍ਹਨਿ ਚਿਤਾਰੇ।
ਪਾਂਧੇ ਪਾਸ ਪੜ੍ਹਾਇਆ ਖਟਿ ਲੁਟਾਇ ਹੋਇ ਸੁਚਿਆਰੇ।
ਉਰਣਿਤ ਹੋਏ ਭਾਰੁ ਉਤਾਰੇ।

ਇਸ ਪਉੜੀ ਵਿੱਚ ਭਾਈ ਸਾਹਿਬ ਨੇ ਦੇਸ਼ ਵਿੱਚ ਆਮ ਪ੍ਰਚਲਿਤ ਰੀਤ ਨੂੰ ਸਾਹਮਣੇ ਰੱਖ ਕੇ ਇਹ ਵਰਣਨ ਕੀਤਾ ਹੈ। ਮਾਤਾ ਪਿਤਾ ਦੇ ਉਪਕਾਰਾਂ ਦਾ ਵਰਣਨ ਕਰਦਿਆਂ ਉਹਨਾਂ ਦੀ ਸੇਵਾ ਕਰਨ ਦਾ ਉਪਦੇਸ਼ ਦਿੱਤਾ ਹੈ। ਸੰਤਾਨ ਰਾਹੀਂ ਜੀਉਂਦੇ ਜੀਅ ਮਾਤਾ ਪਿਤਾ ਦੀ ਸੇਵਾ ਕਰਕੇ ਉਹਨਾਂ ਦੇ ਉਪਕਾਰਾਂ ਦਾ ਰਿਣ ਉਤਾਰਨਾ ਚੰਗਾ ਸਮਝਿਆ ਜਾਂਦਾ ਹੈ। ਪਰ ਕਈ ਹਨ ਜਿਹੜੇ ਜੀਵੰਦਿਆਂ ਉਹਨਾਂ ਦਾ ਧਿਆਨ ਨਹੀਂ ਰੱਖਦੇ ਪਰ ਮਰਨ ਪਿਛੋਂ ਸਰਾਧ ਕਰਵਾਈ ਜਾਂਦੀ ਹਨ। ਗੁਰਬਾਣੀ ਦਾ ਫੁਰਮਾਨ ਹੈ–
ਜੀਵਤ ਪਿਤਰ ਨ ਕੋਊ ਮਾਨੈ ਮੂਏ ਸਰਾਧ ਕਰਾਹੀ। (ਗਉੜੀ ਕਬੀਰ ਜੀ)
ਇੱਕ ਹੋਰ ਪਉੜੀ ਭਾਈ ਗੁਰਦਾਸ ਜੀ ਨੇ ਪ੍ਰਚਲਤ ਚਲਨ ਦਾ ਜ਼ਿਕਰ ਕੀਤਾ ਹੈ–
ਮਾਤ ਪਿਤਾ ਅਨੰਦ ਵਿਚਿ ਪੁਤੈ ਦੀ ਕੁੜਮਾਈ ਹੋਈ।
ਰਹਸੀ ਅੰਗ ਨ ਮਾਵਈ ਗਾਵੈ ਸੋਹਿਲੜੇ ਸੁਖ ਹੋਈ।
ਵਿਗਸੀ ਪੁਤ੍ਰ ਵਿਆਹਿਐ ਘੋੜੀ ਲਾਵਾਂ ਗਾਵ ਭਲੋਈ।
ਸੁਖਾਂ ਸੁਖੈ ਮਾਵੜੀ ਪੁਤੁ ਨੂੰਹ ਦਾ ਮੇਲ ਅਲੋਈ।
ਨੁਹ ਨਿਤ ਕੰਤ ਕੁਮੰਤ ਦੇਇ ਵਿਹਰੇ ਹੋਵਹਿ ਸਸੁ ਵਿਗੋਈ।
ਲਖ ਉਪਕਾਰ ਵਿਸਾਰਿ ਕੈ ਪੁਤ ਕੁਪੁਤ ਚਕੀ ਉਠਿ ਝੋਈ।
ਹੋਵੈ ਸਰਵਣ ਵਿਰਲਾ ਕੋਈ।
ਨੂੰਹੁ ਨਿਤ ਮੰਤ ਕੁਮੰਤ ਦੇਇ ਮਾਂ ਪਿਓ ਛਡਿ ਵਡੇ ਹਤਿਆਰੇ।
ਉਖ ਹੋਵੈ ਪੁਤੁ ਰੰਨਿ ਲੈ ਮਾਂ ਪਿਉ ਦੇ ਉਪਕਾਰ ਵਿਸਾਰੇ।
ਲੋਕਾਚਾਰ ਹੁਇ ਵਡੇ ਕੁਚਾਰੇ।

ਭਾਈ ਸਾਹਿਬ ਨੇ ਇਹਨਾਂ ਪਉੜੀਆਂ ਵਿੱਚ ਆਮ ਹਾਲਾਤ ਦਾ ਵਰਣਨ ਕੀਤਾ ਹੈ। ਪਰ ਖਾਸ ਹਲਾਤਾਂ ਵਿੱਚ ਸੰਤਾਨ ਦਾ ਆਪਣੇ ਮਾਤਾ ਪਿਤਾ ਤੋਂ ਬਾਗੀ ਹੋਣਾ ਵੀ ਉਚਿਤ ਠਹਿਰਾਇਆ ਜਾਂਦਾ ਹੈ। ਜਿਵੇਂ ਜਦੋਂ ਭਗਤ ਨਾਮ ਦੇਵ ਦੀ ਜਾਨ ਬਚਾਉਣ ਵਾਸਤੇ ਉਹਨਾਂ ਦੀ ਮਾਂ ਉਹਨਾਂ ਨੂੰ ਰਾਮ ਦੀ ਥਾਂ ਖੁਦਾ ਕਾ ਭਜਨ ਕਰਨ ਲਈ ਕਹਿੰਦੀ ਹੈ ਤਾਂ ਭਗਤ ਜੀ ਉਸ ਨੂੰ ਮਾਂ ਮੰਨਣ ਤੋਂ ਹੀ ਇਨਕਾਰ ਕਰ ਦਿੰਦੇ ਹਨ–
ਰੁਦਨੁ ਕਰੈ ਨਾਮੈ ਥੀ ਮਾਇ।।
ਛੋਡਿ ਰਾਮ ਕੀ ਨ ਭਜਹਿ ਖੁਦਾਇ।
ਨ ਹਉ ਤੇਰਾ ਪੂੰਗੜਾ ਨ ਤੂ ਮੇਰੀ ਮਾਇ।
ਪਿੰਡ ਪੜੈ ਤਉ ਹਰਿ ਗੁਨ ਗਾਇ।
ਇਸੇ ਤਰ੍ਹਾਂ ਪਹਿਲਾਦ ਭਗਤ ਵੀ ਆਪਣੇ ਮਾਤਾ ਪਿਤਾ ਤੋਂ ਬਾਗੀ ਹੁੰਦਾ ਹੈ। ਮਾਤਾ ਪਿਤਾ ਸੰਤਾਨ ਆਦਿ ਦੇ ਰਿਸ਼ਤੇ ਤੇ ਵਿਹਾਰ ਨੂੰ ਸਮਝਣ ਲਈ ਤਤਕਾਲੀਨ ਸੰਧਰਭ ਨੂੰ ਜ਼ਰੂਰ ਧਿਆਨ ਵਿੱਚ ਰੱਖਣਾ ਚਾਹੀਦਾ ਹੈ। ਬਾਕੀ ਫਿਰ ਕਦੀ--- ਭੁੱਲ ਚੁੱਕ ਖਿਮਾ

# ਕੋਹਿਨੂਰ ਦਾ ਪਾਰਖੂ ਰਾਇ ਬੁਲਾਰ ਖਾਨ ਸਾਹਿਬ

ਹਰਪਾਲ ਸਿੰਘ ਪਨੂੰ

ਜਨਮ-ਸਾਖੀਆਂ ਬਾਰੇ ਸੁਣਨ ਨੂੰ ਮਿਲਦਾ ਹੈ ਕਿ ਇਨ੍ਹਾਂ ਵਿਚ ਪੌਰਾਣਿਕ ਤੱਤ ਵਧੀਕ ਹਨ, ਕਿ ਇਹ ਇਤਿਹਾਸ ਤੋਂ ਦੂਰ ਹਨ, ਕਿ ਕੁਝ ਸਾਖੀਆਂ ਗੁਰਬਾਣੀ ਦੇ ਆਸ਼ੇ ਨਾਲ ਮੇਲ ਨਹੀਂ ਖਾਂਦੀਆਂ। ਇਹ ਸਾਰੀਆਂ ਗੱਲਾਂ ਸਹੀ ਹਨ ਤੇ ਸਹੀ ਹੋਣ ਦੇ ਬਾਵਜੂਦ ਸਾਖੀਆਂ ਨਿਰਾਦਰ ਕਰਨ ਯੋਗ ਸਾਹਿਤ ਨਹੀ ਹਨ। ਭਾਰਤ ਦੇ ਪੌਰਾਣ-ਸਾਹਿਤ ਵਿਚ ਮਿਥਿਹਾਸ ਹੀ ਮਿਥਿਹਾਸ ਹੈ ਪਰ ਪੌਰਾਣ-ਗ੍ਰੰਥਾਂ ਵਿਚ ਨੈਤਿਕ, ਦਾਰਸ਼ਨਿਕ ਅਤੇ ਧਰਮ ਦੇ ਸੁਹਜਭਾਵੀ ਮੁੱਲਵਾਨ ਤੱਤ ਵੀ ਮੌਜੂਦ ਹਨ। ਜੋ ਸਹੀ ਲੱਗੇ ਜਿੰਨਾਂ ਸਹੀ ਲੱਗੇ, ਜਿੰਨਾਂ ਕੁ ਕਲਿਆਣਕਾਰੀ ਹੋਵੇ ਰੱਖੋ, ਬਾਕੀ ਛੱਡ ਦਿਉ। ਸਾਹਿਤ ਰਚਨਾ ਕਰਦਿਆਂ ਮਹਾਂਰਿਸ਼ੀ ਦੱਸ ਗਏ ਹਨ, "ਜਦੋਂ ਤੁਸੀ ਕਣਕ ਖਾਂਦੇ ਹੋ, ਕਣਕ ਨਾਲ ਉਸ ਦੀ ਤੂੜੀ ਨਹੀਂ ਖਾਂਦੇ। ਜਦੋਂ ਤੁਸੀਂ ਤੂੜੀ ਸੁਟਦੇ ਹੋ ਤਾਂ ਤੂੜੀ ਨਾਲ ਉਸ ਦੀ ਕਣਕ ਨਹੀਂ ਸੁਟਦੇ ।" ਮਨੁੱਖ ਵਿਚ ਦੇਵਤਾ ਹੈ, ਦਾਨਵ ਹੈ ਤੇ ਪਸ਼ੂ ਹੈਂ। ਪਸ਼ੂ ਤੂੜੀ ਖਾਏਗਾ, ਮਨੁੱਖ ਲਈ ਕਣਕ ਉਪਯੋਗੀ ਹੈਂ ਤੇ ਦੇਵਤੇ ਲਈ ਰੂਹਾਨੀਅਤ। ਅਭਿਲਾਖੀ ਆਪਣੀ-ਆਪਣੀ ਖੁਰਾਕ ਕਲਾਸਕੀ ਸਾਹਿਤ ਵਿਚੋਂ ਵਿਤ ਅਤੇ ਲੋੜ ਅਨੁਸਾਰ ਪ੍ਰਾਪਤ ਕਰਨਗੇ।

ਬਾਕੀ ਸੰਸਾਰ ਜਿਸ ਤੋਂ ਵੰਚਿਤ ਸੀ, ਬੇਬੇ ਨਾਨਕੀ ਜੀ, ਭਾਈ ਮਰਦਾਨਾ ਜੀ ਅਤੇ ਰਾਇ ਬੁਲਾਰ ਖ਼ਾਨ ਸਾਹਿਬ ਨੂੰ ਰੱਬ ਨੇ ਉਹ ਨਜ਼ਰ ਦਿੱਤੀ। ਅਸੀ ਭਾਈ ਲਹਿਣਾ ਜੀ ਦਾ ਨਾਮ ਜਾਣ ਕੇ ਨਹੀਂ ਲਿਆ ਕਿਉਂਕਿ ਇਸ ਸੰਖੇਪ ਨਿਬੰਧ ਵਿਚ ਗੁਰੂ ਜੀ ਦੀ ਨਹੀ, ਸਿੱਖ ਦੀ ਤਸਵੀਰ ਦੇਖਣ ਦਾ ਯਤਨ ਕਰਾਂਗੇ। ਗੁਰੂ ਬਾਬਾ ਜੀ ਦੇ ਬਚਪਨ ਦੀ ਸਾਦਗੀ ਅਤੇ ਮਾਸੂਮੀਅਤ ਵਿਚੋਂ ਅਨੰਤ ਰੂਹਾਨੀਅਤ ਦਾ ਸੂਰਜ ਉਦੈ ਹੁੰਦਿਆਂ ਇਨ੍ਹਾਂ ਤਿੰਨ ਸਿੱਖਾਂ ਨੇ ਪ੍ਰਤੱਖ ਦੇਖਿਆ। ਬੇਬੇ ਨਾਨਕੀ ਬਾਬਾ ਜੀ ਤੋਂ ਚਾਰ ਸਾਲ ਵੱਡੇ ਸਨ, ਭਾਈ ਮਰਦਾਨਾ ਜੀ ਦਸ ਸਾਲ ਅਤੇ ਰਾਇ ਬੁਲਾਰ ਸਾਹਿਬ ਪੱਚੀ ਸਾਲ ਦੇ ਕਰੀਬ ਵੱਡੇ ਸਨ। ਤਿੰਨੇ ਗੁਰੂ ਬਾਬੇ ਦੀ ਸ਼ਖਸੀਅਤ ਉਪਰ ਫ਼ਿਦਾ ਸਨ। ਸਾਖੀ ਦੱਸਦੀ ਹੈ ਕਿ ਬਾਬਾ ਜੀ ਧੁਰ ਦਿਲ ਦੀਆਂ ਡੂੰਘਾਣਾਂ ਵਿਚੋਂ ਇਨ੍ਹਾਂ ਨੂੰ ਪਿਆਰ ਕਰਦੇ ਸਨ। ਬਿਖੜੇ ਪੰਧ ਵਿਚ ਭਾਈ ਮਰਦਾਨਾ ਜਦੋਂ ਕਿਸੇ ਲੋੜੀਦੀ ਵਸਤੂ ਦੀ ਮੰਗ ਕਰਦੇ ਤਾਂ ਮਹਾਰਾਜ ਨਾਰਾਜ਼ ਨਹੀ ਹੁੰਦੇ ਸਨ। ਇੱਛਾ ਪੂਰੀ ਕਰਨ ਵੇਲੇ ਆਖਦੇ, "ਭਾਈ ਤੇਰਾ ਆਖਾ ਅਸਾਥੋਂ ਫੇਰਿਆ (ਮੋੜਿਆ) ਨਹੀਂ ਜਾਂਦਾ। ਤੇਰੇ ਤਾਈ ਅਸਾਂ ਨੂੰ ਵੱਡਾ ਕੰਮ ਹੈ।"

ਸਫ਼ਰ ਦੌਰਾਨ ਤੇਜ਼ੀ ਨਾਲ ਅੱਗੇ ਵਧਦੇ ਜਾਂਦੇ ਅਚਾਨਕ ਆਖ ਦਿੰਦੇ, "ਚਲੋ ਭਾਈ ਵਾਪਸ ਸੁਲਤਾਨਪੁਰ ਚੱਲੀਏ।" ਭਾਈ ਮਰਦਾਨਾ ਪੁੱਛਦੇ, "ਬ਼ਾਬਾ ਜੀ ਕੱਲ੍ਹ ਤਾਂ ਆਖਦੇ ਸੀ ਹੋਰ ਅੱਗੇ ਜਾਣਾ ਹੈ।" ਬਾਬਾ ਜੀ ਆਖਦੇ "ਨਾਂਹ ਭਾਈ। ਸੁਲਤਾਨਪੁਰ ਚੱਲੀਏ । ਬੇਬੇ ਨਾਨਕੀ ਹੁਣ ਧੀਰ ਨਹੀ ਧਰਦੀ। ਉਹ ਤਾਂ ਬੈਰਾਗਣਿ ਹੋਇ ਗਈ ਹੈ। ਉਹ ਅਸਾਂ ਦੀ ਭੈਣ ਆਹੀ। ਜੁੱਗਾਂ ਦੀ ਭੈਣ ਆਹੀ। ਅਸਾਡਾ ਮੇਲ ਹੁੰਦਾ ਆਇਆ ਹੈ। ਜੁੱਗਾਂ ਤੋਂ ਹੁੰਦਾ ਆਇਆ ਹੈ। ਸੁਲਤਾਨਪੁਰ ਚੱਲੀਏ।"

ਇਨ੍ਹਾਂ ਸੁਰਾਂ ਵਿਚ ਰਾਇ ਬੁਲਾਰ ਸਾਹਿਬ ਨੂੰ ਯਾਤਰਾ ਦੌਰਾਨ ਯਾਦ ਕਰਦਿਆਂ ਆਖਦੇ, "ਭਾਈ ਜੀ ਤਲਵੰਡੀ ਚੱਲੀਏ। ਰਾਇ ਜੀ ਦੀ ਮੁਹੱਬਤ ਦਾ ਭਾਰ ਅਸਾਂ ਦੇ ਮੋਢਿਆਂ ਉਪਰ ਅਧਿਕ ਵਧ ਗਿਆ ਹੈ। ਅਗੈ ਤੁਰਿਆ ਨਹੀਂ ਜਾਂਵਦਾ ਹੋਰ। ਤਲਵੰਡੀ ਚੱਲ਼।"

ਵੇਈਂ ਨਦੀ ਵਿਚ ਪ੍ਰਵੇਸ਼ ਦੀ ਸਾਖੀ ਸਭ ਨੇ ਸੁਣੀ ਹੈ। ਸੁਲਤਾਨਪੁਰ ਦਾ ਨਵਾਬ ਦੌਲਤ ਖਾਨ ਉਦਾਸ ਹੋਇਆ। ਗੋਤਾਖੋਰ ਮੰਗਵਾਏ। ਜਾਲ ਸੁਟੇ। ਦਰਿਆ ਹੂੰਝ ਦਿਤਾ, "ਬਾਬਾ ਨਹੀ ਮਿਲਦਾ, ਕਿਤੋਂ ਕਲਬੂਤ ਤਾਂ ਮਿਲੇ।" ਗਮਗੀਨ ਭਾਈ ਜੈਰਾਮ ਦੀ ਬਾਂਹ ਫੜ ਕੇ ਨਵਾਬ ਨੇ ਕਿਹਾ, "ਨਾਨਕ ਭਲਾ

ਵਜ਼ੀਰ ਥਾ। ਪਰ ਖੁਦਾ ਅਗੈ ਕਿਸ ਦਾ ਜੋਰ।'' ਔਰਤ ਮਰਦ ਧਰਵਾਸ ਦੇਣ ਬੇਬੇ ਨਾਨਕੀ ਜੀ ਪਾਸ ਗਏ ਤਾਂ ਬੇਬੇ ਨੇ ਕਿਹਾ, ''ਹੌਸਲਾ ਰੱਖੋ। ਉਹ ਡੁੱਬ ਨਹੀਂ ਸਕਦਾ। ਜਿਸ ਦੀ ਬਦੌਲਤ ਸੰਸਾਰ ਨੇ ਤਰਨਾ ਹੈ, ਉਹ ਹਰਗਿਜ਼ ਨਹੀਂ ਡੁੱਬਿਆ। ਧੀਰਜ ਤੋਂ ਕੰਮ ਲਵੋ।''

ਵਸਤਰਾਂ ਨਜ਼ਦੀਕ ਨੀਵੀਂ ਪਾਈ ਬੈਠੇ ਮਰਦਾਨਾ ਜੀ ਨੂੰ ਨਗਰ ਵਾਸੀਆਂ ਨੇ ਕਿਹਾ, ''ਸਬਰ ਕਰੋ ਭਾਈ। ਘਰ ਚੱਲੋ।'' ਭਾਈ ਜੀ ਬੋਲੇ, ''ਬਾਬੇ ਕਹਿਆ ਇਥੈ ਬੈਠ। ਮੈਂ ਆਇਆ। ਕਿਉਂ ਜਾਵਾਂ ਇਥੋਂ ? ਵਸਤਰਾਂ ਪਾਸ ਬਿਠਾ ਕੇ ਗਏ ਹਨ ਖ਼ੁਦ। ਆਉਣਗੇ ਮਹਾਰਾਜ। ਤੁਸੀ ਚੱਲੋ।'' ਤਿੰਨ ਦਿਨ ਬਾਬਾ ਜੀ ਦੇ ਵਾਪਸ ਆਉਣ ਤੱਕ ਉਹ ਵੇਈਂ ਨਦੀ ਦੇ ਕਿਨਾਰੇ ਭਰੋਸੇ ਨਾਲ ਬੈਠੇ ਰਹੇ

'ਸਾਖੀ' ਸ਼ਬਦ ਦਾ ਅਰਥ ਕਹਾਣੀ ਨਹੀਂ। ਉਸ ਘਟਨਾ ਨੂੰ ਸਾਖੀ ਆਖਦੇ ਹਾਂ, ਜੋ ਵਾਪਰੀ ਹੋਵੇ ਤੇ ਵਾਪਰਦਿਆਂ ਕਿਸੇ ਨੇ ਅੱਖੀਂ ਦੇਖੀ ਹੋਵੇ। ਅਸੀ ਆਮ ਆਖਦੇ ਹਾਂ- ਰੱਬ ਸਾਖੀ ਹੈ। ਸਾਖਿਆਤ ਮਾਇਨੇ ਪਰਤੱਖ, ਪਰਗਟ। ਗੁਰੂ ਜੀ ਦੇ ਵਰਤਾਰੇ ਨੂੰ ਜਿਨ੍ਹਾਂ ਮੁਰੀਦਾਂ ਨੇ ਅੱਖੀਂ ਦੇਖਿਆ, ਸਿਖ ਸਾਹਿਤ ਉਨ੍ਹਾਂ ਦੇ ਬਿਆਨ ਨੂੰ ਜਨਮ ਸਾਖੀਆਂ ਆਖਦਾ ਹੈ। ਅੱਜ ਰਾਇ ਬੁਲਾਰ ਜੀ ਦੀ ਸਾਖੀ ਦਾ ਪਾਠ ਕਰੀਏ। ਪੁਰਾਤਨ ਜਨਮ ਸਾਖੀ, ਭਾਈ ਮਿਹਰਬਾਨ ਵਾਲੀ ਜਨਮ ਸਾਖੀ ਤੇ ਭਾਈ ਬਾਲੇ ਵਾਲੀ ਜਨਮ ਸਾਖੀ ਵਿਚੋਂ ਘਟਨਾਵਾਂ ਚੁਣੀਆਂ ਹਨ। ਭਾਈ ਮਨੀ ਸਿੰਘ ਵਾਲੀ ਜਨਮ ਸਾਖੀ ਰਾਇ ਜੀ ਬਾਬਤ ਵਧੀਕ ਨਹੀਂ ਦਸਦੀ। ਸਮੱਗਰੀ ਦੀ ਥਾਂ ਅਸੀਂ ਭਾਵਨਾ ਉਪਰ ਕਲਮ ਕੇਂਦਰਿਤ ਕੀਤੀ ਹੈ। ਭਾਵਨਾ ਦਾ ਦਰਜਾ ਉਤੱਮ ਹੈ ਤੇ ਸਮੱਗਰੀ ਦਾ ਦੋਮ। ਸਾਹਮਣੇ ਅੱਵਲ ਭੋਜਨ ਪਿਆ ਹਵੇ ਤਾਂ ਦੋਮ ਵਲ ਦੇਖਣ ਦੀ ਕੀ ਲੋੜ।

ਰਾਇ ਸਾਹਿਬ ਨੇ ਬਾਬਾ ਜੀ ਦਾ ਬਚਪਨ ਦੇਖਿਆ। ਭਲੀ ਸੂਰਤ ਅਤੇ ਮਿੱਠੇ ਸੁਭਾਅ ਦੀ ਮਹਿਕ ਚੁਪਾਸੇ ਵਿਚ ਘੁਲ-ਮਿਲ ਰਹੀ ਨਿਹਾਰਦੇ ਰਹੇ ਪਰ ਇਸ ਬੱਚੇ ਵਿਚ ਗ਼ੈਬੀ ਗੁਣ ਹਨ, ਇਸ ਦੀ ਪਹਿਲੀ ਝਲਕ ਉਦੋਂ ਦਿਸੀ ਜਦੋਂ ਪਿਤਾ ਨੇ ਇਹ ਦੇਖ ਕੇ ਕਿ ਪੜ੍ਹਨ ਵਿਚ ਰੁਚੀ ਨਹੀਂ, ਪਸ਼ੂ ਚਾਰਨ ਭੇਜ ਦਿਤੇ। ਬਾਬੇ ਸੌਂ ਗਏ ਤੇ ਮੱਝਾਂ ਨੇ ਖੇਤ ਉਜਾੜ ਦਿੱਤਾ। ਕਿਸਾਨ ਨੇ ਪਿਤਾ ਨੂੰ ਉਲਾਂਭਾ ਦਿੱਤਾ ਅਤੇ ਰਾਇ ਸਾਹਿਬ ਕੋਲ ਜਾ ਕੇ ਹਰਜਾਨੇ ਦੀ ਮੰਗ ਕੀਤੀ। ਬਾਬਾ ਜੀ ਨੂੰ ਬੁਲਾ ਕੇ ਪੁੱਛਿਆ ਤਾਂ ਉਨ੍ਹਾਂ ਕਿਹਾ- ਕੋਈ ਖੇਤ ਨਹੀਂ ਉਜਾੜਿਆ। ਕਿਸਾਨ ਐਵੇਂ ਰੌਲਾ ਪਾਉਂਦਾ ਹੈ। ਹਰਜਾਨਾ ਨਿਸ਼ਚਤ ਕਰਨ ਲਈ ਰਾਇ ਜੀ ਨੇ ਕਿਸਾਨ ਨਾਲ ਬੰਦੇ ਭੇਜੇ। ਜਾ ਕੇ ਦੇਖਿਆ, ਖੇਤ ਹਰਾ-ਭਰਾ ਸੀ। ਰਾਇ ਨੇ ਕਿਸਾਨ ਨੂੰ ਝਿੜਕਿਆ। ਉਹ ਆਖੇ- ਜੀ ਉਜਾੜਿਆ ਸੀ। ਮੈਂ ਝੂਠ ਨਹੀ ਮਾਰਿਆ। ਰਾਇ ਸਾਹਿਬ ਨੇ ਬਾਲਕ ਨੂੰ ਪਿਆਰ ਦਿੱਤਾ ਤੇ ਕਿਸਾਨ ਨੂੰ ਚਲੇ ਜਾਣ ਲਈ ਕਿਹਾ। ਉਨ੍ਹਾਂ ਨੂੰ ਅਚੰਭਾ ਉਦੋਂ ਹੋਇਆ ਜਦੋਂ ਇਕ ਦਿਨ ਸ਼ਿਕਾਰ ਤੋਂ ਵਾਪਸੀ ਵੇਲੇ ਖੁਦ ਦੇਖਿਆ ਕਿ ਬਾਕੀ ਰੁੱਖਾਂ ਦੀਆਂ ਛਾਵਾਂ ਪਰੇ ਸਰਕ ਗਈਆਂ ਹਨ ਪਰ ਇਸ ਸੁੱਤੇ ਬਾਲਕ ਉਪੱਰ ਛਾਂ ਜਿਉਂ ਦੀ ਤਿਉਂ ਖਲੋਤੀ ਹੈ। ਉਨ੍ਹਾਂ ਦੇ ਦਿਮਾਗ ਵਿਚ ਖੇਤ ਉਜੜਨ ਦੀ ਘਟਨਾਂ ਵੀ ਘੁੰਮ ਗਈ.....ਕਿਸਾਨ ਨੇ ਝੂਠ ਨਹੀ ਮਾਰਿਆ ਸੀ.....ਉਜੜਿਆ ਖੇਤ ਦੁਬਾਰਾ ਹਰਾ ਹੋਇਆ ਹੈ। ਸਾਥੀਆਂ ਨੂੰ ਕਿਹਾ- ਯਾਰੋ ਖੇਤ ਉਜਾੜਨ ਵਾਲੀ ਗੱਲ ਭੀ ਡਿੱਠੀ ਹੈ, ਅਰ ਏਹੁ ਭੀ ਦੇਖਹੁ।ਏਹ ਖਾਲੀ ਨਹੀਂ। ਵਾਪਸ ਹਵੇਲੀ ਵਿਚ ਆ ਕੇ ਮਹਿਤਾ ਜੀ ਨੂੰ ਬੁਲਾ ਕੇ ਕਿਹਾ,''ਮਤੂ ਇਸ ਪੁਤਰ ਨੋ ਫਿਟਕਾਰ ਦੇਂਦਾ ਹੋਵੇਂ। ਇਹ ਮਹਾਂਪੁਰਖ ਹੈ। ਇਸ ਦਾ ਸਦਕਾ ਮੇਰਾ ਸਹਿਰ ਵਸਦਾ ਹੈ। ਤੂੰ ਨਿਹਾਲ ਹੋਆ। ਮੈਂ ਭੀ ਨਿਹਾਲ ਹਾਂ ਜਿਸ ਦੇ ਸਹਰ ਵਿਚ ਇਹ ਪੈਦਾ ਹੋਆ।'' ਪਿਤਾ ਨੇ ਕਿਹਾ- ਜੀ ਖੁਦਾਇ ਦੀਆਂ ਖੁਦਾਇ ਜਾਣੈ।

ਮੁਰੱਬਿਆਂ ਦਾ ਦੌਰਾ ਕਰਨ ਲਈ ਇਕ ਦਿਨ ਰਾਇ ਬੁਲਾਰ ਸਾਹਿਬ ਹਵੇਲੀਉਂ ਨਿਕਲੇ। ਬਾਬਾ ਮੱਝਾਂ ਚਾਰ ਰਿਹਾ ਸੀ। ਰਾਇ ਨੇ ਘੋੜਾ ਨੌਕਰ ਨੂੰ ਫੜਾਇਆ, ਜੋੜੇ ਉਤਾਰੇ ਅਤੇ ਨਜ਼ਦੀਕ ਜਾ ਕੇ ਬਾਬਾ ਜੀ ਨੂੰ ਸਲਾਮ ਅਰਜ਼ ਕੀਤੀ, ਹੱਥ ਜੋੜ ਕੇ ਬੋਲੇ , ''ਬਾਬਾ ਮੇਰੀ ਮੁਰਾਦ ਪੂਰੀ ਕਰ। ਮੈਂ ਜਾਣਦਾ ਹਾਂ ਵਡਿਆਈ ਖੁਦਾਇ ਨੇ ਤੁਧਨੋ ਦਿਤੀ ਆਹਾ।'' ਬਾਬੇ ਨੇ ਕਿਹਾ,''ਰਾਇ ਜੀ, ਕੀ ਘਾਟ ਹੈ। ਤੇਰੀ

ਜਿ ਮਨਸਾ ਹੈ ਸਿ ਤੂੰ ਮੰਗ।'' ਰਾਇ ਸਾਹਿਬ ਬੋਲੇ, ''ਤੂੰ ਜਾਣੀ ਜਾਣ ਹੈਂ ਬਾਬਾ। ਦੀਨ ਅਰੁ ਦੁਨੀਆਂ ਦਾ ਮਾਲਕ। ਮੁਰਾਦ ਪੂਰੀ ਕਰ।'' ਇਹ ਆਖ ਰਾਇ ਨੇ ਬਾਬਾ ਜੀ ਦੇ ਚਰਨ ਛੁਹੇ। ਬਾਬਾ ਜੀ ਨੇ ਅਸੀਸ ਦੇਂਦਿਆਂ ਕਿਹਾ, ''ਮੁਰਾਦ ਪੂਰੀ ਹੋਈ। ਖੁਦਾਇ ਤੇਰੀ ਸਰਮ ਦੀਨ ਮਹਿ ਭੀ ਰਖੇਗਾ ਅਰ ਦੁਨੀਆਂ ਮਹਿ ਭੀ। ਹੁਣ ਜਾਹ।ਤੇਰਾ ਮਕਸਦ ਪੂਰਾ ਹੋਆ।'' ਰਾਇ ਬੁਲਾਰ ਕੁਰਨਸ (ਸਲਾਮ, ਨਮਸਕਾਰ) ਕਰਿ ਵਿਦਾ ਹੋਆ। ਅਗੈ ਦੂਰ ਜਾਇ ਕਰਿ ਕੁਨਸਿ ਲਗਾ ਕਰਣੇ। ਚਲੈ। ਚਲਿ ਕਰਿ ਕੁਨਸਿ ਕਰੈ। ਪੈਦਲ ਘਰ ਆਇਆ। ਇਹ ਬੋਲ ਮਿਹਰਬਾਨ ਵਾਲੀ ਸਾਖੀ ਦੇ ਹਨ। ਰਾਇ ਨੇ ਕੀ ਮੰਗਿਆ ਸੀ, ਸਾਖੀ ਵਿਚੋਂ ਪਤਾ ਨਹੀਂ ਲਗਦਾ। ਇਸ ਦਾ ਪਤਾ ਵਿਸਾਖੀ 1992 ਵਿਚ ਪਾਕਿਸਤਾਨ ਜਾ ਕੇ ਨਨਕਾਣਾ ਸਾਹਿਬ ਲੱਗਾ ਜੋ ਪਿਛੋਂ ਦਰਜ ਕਰਾਂਗਾ।

ਪਿਤਾ ਨੂੰ ਉਦਾਸੀ ਹੋਈ ਕਿ ਪੜ੍ਹਨਾ-ਲਿਖਣਾ ਤਾਂ ਦਰਕਿਨਾਰ, ਪਸ਼ੂ ਚਾਰਨ ਵਲ ਵੀ ਕੋਈ ਧਿਆਨ ਨਹੀਂ। ਫੈਸਲਾ ਕੀਤਾ ਕਿ ਹੱਟੀ ਖੁਲਵਾ ਦਿੰਦੇ ਹਾਂ। ਸੌਦਾ ਖਰੀਦਣ ਲਈ ਦਿਤੇ ਵੀਹ ਰੁਪਿਆਂ ਦਾ ਬਾਬੇ ਨੇ ਕੀ ਕੀਤਾ ਇਸ ਦਾ ਪਾਠਕਾਂ ਨੂੰ ਪਤਾ ਹੈ। ਪਿਤਾ ਨੇ ਕ੍ਰੋਧਵਾਨ ਹੋ ਕੇ ਪੁੱਛਿਆ- ਨਾਨਕ ਹੈ ਕਿਥੇ ? ਘਰੋਂ ਦਸਿਆ ਗਿਆ ਕਿ ਛੱਪੜ ਕਿਨਾਰੇ ਬੈਠਾ ਰੱਬ ਦਾ ਨਾਮ ਲੈ ਰਿਹਾ ਹੈ।ਤੇਜ਼ ਕਦਮੀ ਪਿਤਾ ਬਾਹਰ ਨਿਕਲਿਆ। ਬੇਬੇ ਨਾਨਕੀ ਗੁਸੈਲੇ ਪਿਤਾ ਦੇ ਪਿੱਛੇ-ਪਿੱਛੇ ਤੇਜ਼ ਕਦਮੀ ਤੁਰੀ। ਪਿਤਾ ਨੂੰ ਆਉਂਦਿਆਂ ਦੇਖ ਬਾਬਾ ਖੜਾ ਹੋ ਗਿਆ। ਸੱਜੇ ਹੱਥ ਨਾਲ ਖੱਬੀ ਗੱਲ੍ਹ ਉਤੇ, ਖੱਬੇ ਹੱਥ ਨਾਲ ਸੱਜੀ ਗੱਲ੍ਹ ਉਪਰ ਪਿਤਾ ਵਲੋਂ ਦੋ ਥੱਪੜ ਰਸੀਦ ਕੀਤੇ ਗਏ। ਹੰਝੂਆਂ ਦੀਆਂ ਕੁੱਝ ਬੂੰਦਾਂ ਛੱਪੜ ਕਿਨਾਰੇ ਡਿੱਗੀਆਂ। ਬੇਬੇ ਨਾਨਕੀ ਨੇ ਪਿਤਾ ਦਾ ਹੱਥ ਫੜ ਕੇ ਕਿਹਾ- ਪਿਤਾ ਜੀ ਘਰ ਚਲੋ। ਸਹਿਜੇ ਸਹਿਜੇ ਕਦਮ ਪੁਟਦੇ ਤਿੰਨੇ ਜਣੇ ਘਰ ਆ ਗਏ।

ਰਾਇ ਬੁਲਾਰ ਸਾਹਿਬ ਤੱਕ ਇਹ ਖ਼ਬਰ ਪੁੱਜੀ ਤਾਂ ਵਿਆਕੁਲ ਹੋਏ। ਅੱਗੇ ਕਦੇ ਏਨੇ ਬੇਚੈਨ ਨਹੀ ਹੋਏ ਸਨ। ਨਫ਼ਰ ਬੁਲਾਇਆ ਤੇ ਕਿਹਾ ਮਹਿਤਾ ਨੂੰ ਬੁਲਾ ਲਿਆਉ। ਪਿਤਾ ਜੀ ਟਲ ਕੇ ਕਿਸੇ ਗਵਾਂਢੀ ਦੇ ਘਰ ਚਲੇ ਗਏ- ਜਾਣਦੇ ਸਨ ਕਿ ਰਾਇ ਜੀ ਖਫ਼ਾ ਹੋਣਗੇ। ਹੋਰ ਆਦਮੀ ਭੇਜੇ, ਕਿਹਾ- ਜਿਥੇ ਵੀ ਹੋਣ ਢੂੰਡ ਲਿਆਉ। ਨਾਨਕ ਜੀ ਨੂੰ ਨਾਲ ਲਿਆਵਣਾ। ਪਿਤਾ ਪੁੱਤਰ ਹਵੇਲੀ ਪੁੱਜੇ ਤਾਂ ਰਾਇ ਬੁਲਾਰ ਉਠੇ ਅਤੇ ਬਾਬੇ ਨੂੰ ਜੱਫੀ ਵਿਚ ਲੈ ਲਿਆ। ਕਿਹਾ- ਮਹਿਤਾ ਜੀ ਤੁਸਾਂ ਨੂੰ ਤਾਕੀਦ ਸਖ਼ਤ ਕੀਤੀ ਸੀ ਕਿ ਇਸ ਬੱਚੇ ਨੂੰ ਉਚਾ ਨਹੀਂ ਬੋਲਣਾ- ਅੱਜ ਤਾਂ ਤੁਸੀ ਭਾਰੀ ਗੁਸਤਾਖ਼ੀ ਕੀਤੀ। ਸਾਨੂੰ ਵੱਡਾ ਦੁੱਖ ਪੁੱਜਾ। ਪਿਤਾ ਨੇ ਕਿਹਾ- ਜੀ ਕਰਾਂ ਕੀ? ਕਿਸੇ ਕੰਮ ਦਾ ਨਹੀਂ। ਹਮੇਸ਼ਾਂ ਉਜਾੜਾ ਕਿਵੇਂ ਬਰਦਾਸ਼ਤ ਕਰਾਂ? ਵੀਹ ਰੁਪਏ ਉਜਾੜ ਦਿੱਤਾ। ਰਾਇ ਨੇ ਨੌਕਰ ਨੂੰ ਕਿਹਾ- ਅੰਦਰ ਹਵੇਲੀ ਵਿਚ ਬੇਗਮ ਸਾਹਿਬਾ ਪਾਸੋਂ ਵੀਹ ਰੁਪਈਏ ਲੈ ਕੇ ਆ। ਨੌਕਰ ਪੈਸੇ ਲੈ ਆਇਆ। ਕਿਹਾ, ਮਹਿਤਾ ਜੀ ਨੂੰ ਦੇ ਦਿਉ। ਪਿਤਾ ਨੇ ਰੁਪਏ ਲੈਣ ਤੋ ਇਨਕਾਰ ਕਰਦਿਆਂ ਕਿਹਾ, ''ਰਾਇ ਜੀ ਰੁਪਈਏ ਅਸਾਂ ਦੇ ਹੀ ਹਨ ਕਿਉਂਜੁ ਤੁਸੀ ਅਸਾਂ ਦੇ ਹੋ ਅਰ ਅਸੀ ਤੁਸਾਂ ਦੇ। ਗੱਲ ਵੀਹ ਰੁਪਈਆਂ ਦੀ ਨਾਹੀਂ।''

ਰਾਇ ਨੇ ਕਿਹਾ, ''ਗੱਲ ਰੁਪਈਆਂ ਦੀ ਨਹੀ ਤਾਂ ਜੁਲਮ ਕਿਉ ਕੀਤਾ ਸੁ ਫਰਿਸਤੇ ਉਪਰ।'' ਮਹਿਤਾ ਜੀ ਨੇ ਕਿਹਾ- ਪਿਤਾ ਹੋਣ ਦੇ ਨਾਤੇ ਆਪਣੀ ਔਲਾਦ ਨੂੰ ਜ਼ਿਮੇਵਾਰੀ ਸਿਖਾਣ ਦਾ ਵੀ ਮੇਰਾ ਹੱਕ ਨਹੀ? ਅੱਜ ਇਹ ਨੁਕਸਾਨ ਕੀਤਾ ਹੈ ਕੱਲ੍ਹ ਹੋਰ ਨੁਕਸਾਨ ਕਰੇਗਾ। ਰਾਇ ਨੇ ਕਿਹਾ- ਤੁਸਾਂ ਨੂੰ ਦਿਸਦਾ ਨਹੀਂ ਅਰੁ ਅਸਾਂ ਨੂੰ ਸਾਫ ਦਿਸਦਾ ਹੈ, ਕੁੱਲ ਦੁਨੀਆਂ ਦੀ ਦਉਲਤ ਦਾ ਦਰਿਆ ਏਸ ਬਾਲਕ ਦਿਆਂ ਹੱਥਾਂ ਥਾਣੀ ਵਗਦਾ ਆਉਂਦਾ ਸਾਫ ਦਿਸਦਾ। ਚੰਗਾ, ਤੁਸਾਂ ਨੂੰ ਨਹੀ ਦਿੰਦਾ।ਨਾਨਕ ਜੀ ਨੂੰ ਦੇਂਦਾ ਹਾਂ। ਦੇਣੇ ਸਨ ਮੈਂ। ਪਿਤਾ ਨੇ ਕਿਹਾ- ਕਦੋਂ ਲਏ ਸਨ ਤੁਸਾਂ? ਰਾਇ ਜੀ ਨੇ ਕਿਹਾ- ਬੜਾ ਕਰਜ਼ਾ ਲਿਆ ਹੋਇਆ ਹੈ ਅਸਾਂ। ਪਤਾ ਨਹੀ ਉਤਾਰ ਪਾਵਾਂਗੇ ਕਿ ਨ। ਕਾਲੂ ਖ਼ੁਦਾ ਦਾ ਰਤਾ ਖਉਫ ਨਹੀ ਤੈਨੂੰ। ਕਿਸੇ ਵੀ ਗੱਲ ਦਾ ਪਤਾ ਨਹੀਂ। ਮਹਿਤਾ ਤੂੰ ਹਿੰਦੂ ਹੈਂ ਅਰ ਮੈਂ ਮੁਸਲਮਾਨ। ਤੇਰਾ ਭਾਈਚਾਰਾ ਚਰਚਾ ਕਰੇਗਾ ਇਸ ਕਰਕੇ ਚੁੱਪ ਹਾਂ ਨਹੀ ਤਾਂ ਕਈ ਵਾਰ ਸੋਚਿਆ ਹੈ ਜੁ ਇਸ ਬਾਲਕ ਨੂੰ ਤੇਰੇ ਘਰੋਂ

ਹਵੇਲੀ ਆਪਣੀ ਲੈ ਆਵਾਂ। ਸਮਝ ਕਰ।

ਸੁਲਤਾਨਪੁਰ ਦੇ ਨਵਾਬ ਦੌਲਤ ਖਾਨ ਦਾ ਮਾਲ ਅਫਸਰ ਭਾਈ ਜੈਰਾਮ ਸਾਲ ਵਿਚ ਦੋ ਵਾਰ ਜ਼ਿਮੀਦਾਰਾਂ ਤੋਂ ਮਾਲੀਆ ਉਗਰਾਹੁਣ ਆਇਆ ਕਰਦਾ ਸੀ। ਦੋਵੇਂ ਰਾਇ ਸਾਹਿਬ ਦੀ ਹਵੇਲੀ ਦੇ ਚੁਬਾਰੇ ਵਿਚ ਬੈਠੇ ਗੱਲਾਂ ਕਰ ਰਹੇ ਸਨ। ਹਵੇਲੀ ਦੇ ਐਨ ਨਾਲ ਖੂਹ ਸੀ ਜਿਥੇ ਮਰਦ ਔਰਤਾਂ ਪਾਣੀ ਭਰਨ ਆਉਂਦੇ। ਭਾਈ ਜੈਰਾਮ ਨੇ ਪਾਣੀ ਭਰਨ ਆਈ ਬੇਬੇ ਨਾਨਕੀ ਦੇਖੀ। ਪੁੱਛਿਆ- ਕਿਸਦੀ ਲੜਕੀ ਹੈ ਇਹ ਰਾਇ ਜੀ? ਬੜੀ ਸੁੰਦਰ ਹੈ। ਰਾਇ ਨੇ ਕਿਹਾ- ਅਸਾਂ ਦੀ ਬੇਟੀ ਸਮਝ। ਬੇਦੀ ਪਟਵਾਰੀ ਦੀ ਨੇਕ ਧੀ ਹੈ। ਭਲਾ ਖ਼ਾਨਦਾਨ ਹੈ। ਇਹ ਵਰ ਤੁਸਾਂ ਦੇ ਲਾਇਕ ਹੈ। ਅਗੇ ਵੀ ਦਿਲ ਵਿਚ ਇਹ ਬਾਤ ਆਈ ਸੀ। ਚੰਗਾ ਹੋਇਆ ਅੱਜ ਆਪੇ ਗੱਲ ਤੁਰੀ।ਆਪਣੇ ਪੁਰੋਹਤ ਨੂੰ ਸਾਡੇ ਪਾਸ ਭੇਜਣਾ। ਇਧਰੋਂ ਬੇਦੀਆਂ ਦੇ ਪੁਰੋਹਤ ਨੂੰ ਅਸੀ ਸੱਦ ਲਾਂਗੇ ਸੰਜੋਗ ਮਿਲਦੇ ਹੋਣ ਤਾਂ ਭਲਾ ਹੋਵੇ। ਸੁੱਚਾ ਖ਼ਾਨਦਾਨ ਹੈ। ਖਰੇ ਹਨ।

ਬੇਬੇ ਨਾਨਕੀ ਦੀ ਮੰਗਣੀ ਦਾ ਫੈਸਲਾ ਰਾਇ ਬੁਲਾਰ ਸਾਹਿਬ ਦੀ ਹਵੇਲੀ ਵਿਚ ਹੋਇਆ। ਭਾਈ ਬਾਲੇ ਵਾਲੀ ਸਾਖੀ ਵਿਚ ਇਹ ਸ਼ਬਦ ਦਰਜ ਹਨ- ਚੇਤ ਵਸਾਖ ਦੇ ਦਿਨ ਆਹੇ। ਵਾਰ ਛਨਿਛਰ ਦਿਨ। ਜੈਰਾਮ ਅਤੇ ਨਾਨਕੀ ਦੀ ਕੁੜਮਾਈ ਹੋਈ। ਮੱਘਰ ਵਿਚ ਵਿਆਹ ਹੁਇਆ।

ਮਾਪਿਆਂ ਨੂੰ ਮਿਲਣ ਲਈ ਭਾਈ ਜੈਰਾਮ ਤਲਵੰਡੀ ਪਿੰਡ ਬੇਬੇ ਨਾਨਕੀ ਜੀ ਨੂੰ ਲੈ ਕੇ ਆਏ ਤਾਂ ਮਾਪਿਆਂ ਦੇ ਘਰ ਉਨ੍ਹਾਂ ਨੂੰ ਛੱਡ, ਆਪ ਰਾਇ ਸਾਹਿਬ ਨੂੰ ਮਿਲਣ ਗਏ। ਸਤਿਕਾਰ ਹੋਇਆ। ਰਾਇ ਜੀ ਬਹੁਤ ਖੁਸ਼ ਹੋਏ। ਗੱਲਾਂ ਕਰਦਿਆਂ ਭਾਈ ਜੈਰਾਮ ਨੇ ਕਿਹਾ ਜੀ ਮੈਂ ਪੂਰਾ ਖੁਸ਼ ਹਾਂ। ਜੋ ਖਿਦਮਤ ਤੁਹਾਡੀ ਕਰ ਸਕਦਾ ਹੋਵਾਂ ਸੋ ਦੱਸਣੀ। ਜੀ ਜਾਨ ਲਾ ਕੇ ਕਰਾਂਗਾ। ਰਾਇ ਸਾਹਿਬ ਨੇ ਕਿਹਾ- ਇਕ ਕੰਮ ਕਰਨਾ ਪਵੇਗਾ। ਭਾਈਆ ਜੀ, ਤੁਸਾਂ ਦਾ ਸਹੁਰਾ ਸਖਤ ਸੁਭਾਉ ਦਾ ਹੈ। ਨਾਨਕ ਪੂਰਨ ਫਕੀਰ ਹੈ। ਪਿਤਾ ਆਪਣੇ ਫਕੀਰ ਬੇਟੇ ਨੂੰ ਦੁਰਬਚਨ ਬੋਲਦਾ ਹੈ। ਨਾਨਕ ਜੀ ਨੂੰ ਆਪਣੇ ਪਾਸ ਰਖੋ ਤਾਂ ਭਲਾ ਹੋਵੇ। ਜੈਰਾਮ ਨੇ ਕਿਹਾ, "ਹੁਣੇ ਲੈ ਜਾਂਦਾ ਹਾਂ ਆਪਣੇ ਨਾਲ।" ਰਾਇ ਜੀ ਬੋਲੇ- "ਨਹੀ, ਹੁਣ ਨਹੀ। ਦੋ ਤਿੰਨ ਮਹੀਨੇ ਪਿਛੋਂ ਘੱਲਾਂਗਾ। ਨਾਨਕ ਜੀ ਦੀ ਸ਼ਾਦੀ ਕੁੜਮਾਈ ਵੀ ਉਧਰ ਆਪਣੇ ਵਲ ਆਪ ਹੀ ਕਰਨੀ। ਪਿਤਾ ਦਾ ਰਵੱਈਆ ਦਰੁਸਤ ਨਹੀ।"

ਦਿਨ ਮਹੀਨੇ ਬੀਤੇ। ਬਾਬਾ ਖੇਤ ਵਲੋਂ ਘਰ ਆ ਰਿਹਾ ਸੀ। ਰਸਤੇ ਵਿਚ ਸਨਿਆਸੀ ਬੈਠਾ ਸੀ ਜਿਸ ਨੇ ਬਾਬੇ ਦੀ ਉਂਗਲ ਵਿਚ ਮੁੰਦਰੀ ਅਤੇ ਹੱਥ ਵਿਚ ਗੜਵਾ ਦੇਖ ਕੇ ਪੁਛਿਆ- ਕੌਣ ਹੈਂ ਤੂੰ? ਬਾਬੇ ਨੇ ਕਿਹਾ- ਨਾਨਕ ਹਾਂ ਨਿਰੰਕਾਰ ਦਾ ਮੁਰੀਦ। ਸਨਿਆਸੀ ਨੇ ਕਿਹਾ- ਮੈਂ ਵੀ ਨਿਰੰਕਾਰੀ ਹਾਂ ਤੂੰ ਵੀ। ਸਾਡੇ ਵਿਚ ਕੋਈ ਭੇਦ ਨਹੀਂ। ਆਪਣੀ ਮੁੰਦਰੀ ਅਤੇ ਗੜਵਾ ਮੈਨੂੰ ਦੇਹ। ਬਾਬੇ ਨੇ ਮੁੰਦਰੀ ਉਤਾਰੀ ਅਤੇ ਦੋਵੇਂ ਵਸਤਾਂ ਅੱਗੇ ਰੱਖ ਦਿਤੀਆਂ। ਸਨਿਆਸੀ ਨੇ ਕਿਹਾ- ਮੈਂ ਨਕਲੀ ਨਿਰੰਕਾਰੀ ਹਾਂ, ਤੂੰ ਅਸਲੀ ਹੈਂ। ਆਪਣੀਆਂ ਵਸਤਾਂ ਚੁੱਕ। ਮੈਂ ਇਨ੍ਹਾਂ ਦਾ ਹੱਕਦਾਰ ਨਹੀ। ਬਾਬੇ ਨੇ ਕਿਹਾ, "ਸੁੱਟੀ ਵਸਤੂ ਵਲ ਦੇਵਤਾ ਦੁਬਾਰਾ ਨਹੀ ਦੇਖਦਾ।" ਬਾਬਾ ਖਾਲੀ ਹੱਥ ਘਰ ਆਇਆ, ਪਿਤਾ ਨੇ ਕਰੋਧ ਕੀਤਾ। ਪੁੱਤਰ ਨੂੰ ਕੁੱਝ ਆਖਣ ਦੀ ਥਾਂ ਹਵੇਲੀ ਜਾ ਕੇ ਰਾਇ ਸਾਹਿਬ ਨਾਲ ਇਸ ਘਟਨਾ ਦਾ ਜ਼ਿਕਰ ਕੀਤਾ ਤਾਂ ਉਹ ਬੋਲੇ, "ਨਾਨਕ ਨੂੰ ਭਾਈਆ ਜੈਰਾਮ ਥੇ ਘਲਿ ਦੇਈਏ। ਇਥੇ ਤੂੰ ਭੀ ਖਪਦਾ ਹੈਂ। ਏਹੁ ਭੀ ਰੰਜ ਹੋਦਾ ਹੈ। ਉਥੈ ਠੀਕ ਹੈ।" ਭਾਈ ਬਾਲੇ ਵਾਲੀ ਸਾਖੀ ਵਿਚ ਲਿਖਿਆ ਹੈ- ਰਾਇ ਨੇ ਜੈਰਾਮ ਨੂੰ ਚਿਠੀ ਲਿਖੀ। ਕਹਿਆ- ਭਾਈਆ ਜੀ ਅਸਾਂ ਨਾਨਕ ਤੈਨੂੰ ਸਉਪਿਆ।ਜੋ ਕਿਛੁ ਤੇਰੇ ਤੇ ਹੋਇ ਸੋ ਢਿਲ ਨਹੀਂ ਕਰਨੀ। ਸੰਮਤੁ 1544 ਮੱਘਰ ਸੁਦੀ ਤਿੰਨ, ਨਾਨਕ ਜੈਰਾਮ ਪਾਸ ਸੁਲਤਾਨਪੁਰ ਗਇਆ।

ਰਾਇ ਸਾਹਿਬ ਨੇ ਨਵਾਬ ਦੌਲਤ ਖਾਨ ਨੂੰ ਵੱਖਰਾ ਖ਼ਤ ਲਿਖ ਕੇ ਅਰਜ਼ ਕੀਤੀ ਕਿ ਜਿਸ ਜੁਆਨ ਨੂੰ ਆਪ ਪਾਸ ਭਾਈ ਜੈਰਾਮ ਲੈ ਕੇ ਆਉਣਗੇ, ਉਸ ਨੂੰ ਬਹੁਤ ਆਦਰ ਨਾਲ ਚੰਗੀ ਨੌਕਰੀ ਦੇਣੀ।

ਰਾਇ ਸਾਹਿਬ ਨੂੰ ਪਿਤਾ ਦੇ ਸੁਭਾਅ ਦਾ ਦੁਖ ਸੀ ਪਰ ਆਪਣੇ ਇਸ ਮੁਲਾਜ਼ਮ ਦਾ ਪੂਰਾ ਆਦਰ

ਇਸ ਕਰਕੇ ਕਰਦੇ ਸਨ ਕਿਉਂਜ਼ ਇਹ ਬਾਬੇ ਦਾ ਪਿਤਾ ਸੀ। ਦਰਜਣ ਪਿੰਡਾਂ ਦਾ ਮਾਲਕ ਇਹ ਰਈਸ ਉਦੋਂ ਵਿਚਕਾਰ ਆ ਕੇ ਖਲੋ ਜਾਂਦਾ ਸੀ। ਜਦੋਂ ਪਿਤਾ ਦੇ ਕ੍ਰੋਧ ਬਾਣ ਗੁਰੂ ਨਾਨਕ ਵੱਲ ਸੇਧੇ ਹੁੰਦੇ।

ਭਾਈ ਜੈਰਾਮ ਬਾਬਾ ਜੀ ਨੂੰ ਨਵਾਬ ਦੌਲਤ ਖਾਨ ਸਾਹਿਬ ਪਾਸ ਲੈ ਗਏ। ਨਵਾਬ ਨੇ ਇੰਟਰਵਿਊ ਲੈਂਦਿਆਂ ਪੁੱਛਿਆ- ਪੜ੍ਹਾਈ ਲਿਖਾਈ ਕੀ ਕੁੱਛ ਕੀਤੀ? ਬਾਬਾ ਜੀ ਨੇ ਦੱਸਿਆ- ਜੀ ਹਿੰਦਕੀ ਜਾਣਦਾ ਹਾਂ। ਤੁਰਕੀ (ਫਾਰਸੀ) ਜਾਣਦਾ ਹਾਂ। ਵਹੀਖਾਤੇ (ਐਕਾਊਂਟੈਂਸੀ) ਦਾ ਪੂਰਾ ਇਲਮ ਹੈ। ਨਵਾਬ ਨੇ ਮੋਦੀਖਾਨੇ ਦੀ ਸੁਤੰਤਰ ਜ਼ਿੰਮੇਵਾਰੀ ਸੌਂਪ ਦਿੱਤੀ। ਭੈਣ ਨੇ ਖ਼ਬਰ ਸੁਣੀ, ਖ਼ੁਸ਼ ਹੋਈ।

ਮਹੀਨੇ ਬੀਤਦੇ ਗਏ। ਮਾਪਿਆਂ ਨੇ ਫੈਸਲਾ ਕੀਤਾ ਕਿ ਧੀ-ਪੁੱਤਰ ਨੂੰ ਸੁਲਤਾਨਪੁਰ ਮਿਲ ਕੇ ਆਈਏ। ਬੇ ਬੇ ਘਰ ਵਿਚ ਸੀ ਤੇ ਬਾਬਾ ਨੌਕਰੀ ਉਪਰ। ਖੈਰ ਸੁੱਖ ਪੁੱਛੀ ਦੱਸੀ। ਪਿਤਾ ਨੇ ਬੇਟੀ ਨੂੰ ਪੁੱਛਿਆ- ਨਾਨਕ ਕੁਝ ਜੋੜਦਾ ਵੀ ਹੈ ਕਿ ਸਾਰਾ ਉਜਾੜ ਦਿੰਦਾ ਹੈ? ਬੇਬੇ ਨਾਨਕੀ ਨੇ ਕਿਹਾ- ਕਮਾਂਵਦਾ ਹੈ ਤਾਂ ਉਜਾੜਦਾ ਹੈ। ਤੁਸਾਂ ਦਾ ਕੁਝ ਨਹੀਂ ਉਜਾੜਦਾ। ਪਿਤਾ ਜੀ ਤੁਸਾਂ ਦੀਆਂ ਏਹੋ ਗੱਲਾਂ ਅਸਾਂਨੂੰ ਭਲੀਆਂ ਨਹੀਂ ਲਗਦੀਆਂ।ਖ਼ਬਰ ਮਿਲੀ ਤਾਂ ਬਾਬਾ ਜੀ ਬੇਬੇ ਦੇ ਘਰ ਆਏ।ਮਾਪਿਆਂ ਦੇ ਚਰਨੀ ਹੱਥ ਲਾਏ। ਕਿਸੇ ਬਾਰੇ ਹੋਰ ਗੱਲ ਨਹੀ ਕੀਤੀ ਪਰ ਬਾਬਾ ਜੀ ਨੇ ਪਿਤਾ ਨੂੰ ਪੁੱਛਿਆ, "ਜੀ ਰਾਇ ਜੀ ਦਾ ਕੀ ਹਾਲ ਹੈ?" ਪਿਤਾ ਨੇ ਕਿਹਾ, "ਉਹੋ ਦੱਸਣਾ ਭੁੱਲ ਗਿਆ। ਰਾਇ ਜੀ ਨੂੰ ਪਤਾ ਲੱਗਾ ਕਿ ਤੁਸਾਂ ਨੂੰ ਮਿਲਣ ਚਲੇ ਹਾਂ ਤਾਂ ਘਰ ਆਏ ਤੇ ਕਿਹਾ- ਸਾਡਾ ਨਾਮ ਲੈ ਕੇ ਨਾਨਕ ਜੀ ਦੇ ਕਦਮ ਛੂਹਣੇ।" ਸਾਖੀ ਦੇ ਬੋਲ ਇਹ ਹਨ- ਨਾਨਕ ਜੀ ਨੋ ਖ਼ਬਰਿ ਹੋਈ (ਕਿ ਮਾਤਾ ਪਿਤਾ ਆਏ ਹਨ) ਸੁਣਦੇ ਹੀ ਦਉੜਿਆ। ਜਾਂਦੇ ਹੀ ਪਿਤਾ ਦੇ ਪੈਰਾਂ ਤੇ ਡਿਗਿ ਪਇਆ। ਪਿਤਾ ਮੱਥਾ ਚੁੰਮਿਆਂ। ਨਾਨਕ ਜੀ ਆਖਿਆ- ਪਿਤਾ ਜੀ ਰਾਇ ਬੁਲਾਰ ਚੰਗੇ ਥੇ ਨ। ਪਿਤਾ ਕਹਿਆ- ਪੁਤ੍ਰ ਭਲਾ ਯਾਦ ਦਿਵਾਇਓ। ਰਾਇ ਤੇਰਾ ਮੱਥਾ ਚੁੰਮਣ ਆਖਦਾ ਸੀ ਅਰ ਪੈਰਾਂ ਤੇ ਹਥੁ ਰੱਖਣਾ ਕਹਿਆ ਸੀ। ਅਸਾਨੂ ਤਾਂ ਵਿਸਰਿ ਗਇਆ ਸੀ।

ਭਾਈ ਜੈਰਾਮ ਨੇ ਵਿਚੋਲਗੀ ਦਾ ਫਰਜ਼ ਨਿਭਾ ਕੇ ਬਟਾਲੇ ਦੇ ਚੰਗੇ ਖਾਨਦਾਨ ਵਿਚ ਬਾਬਾ ਜੀ ਦੀ ਮੰਗਣੀ ਕਰਵਾਈ। ਪ੍ਰਸੰਨ ਮਾਪੇ ਤਲਵੰਡੀ ਪਰਤੇ ਤੇ ਵਿਆਹ ਦੀਆਂ ਤਿਆਰੀਆਂ ਆਰੰਭੀਆਂ। ਸਾਖੀਕਾਰ ਦੇ ਬੋਲ ਸੁਣੋ- ਰਾਇ ਬੁਲਾਰ ਪਾਸ ਕਾਲੂ ਗਇਆ। ਰਾਇ ਜੀ ਮੁਬਾਰਕਾਂ। ਰਾਇ ਪੁਛਿਆ- ਕੇਹੀ ਮੁਬਾਰਕ। ਕਿਹਾ- ਜੀ ਨਾਨਕ ਤੁਸਾਡੇ ਗੁਲਾਮ ਦਾ ਸਾਹਾ ਲਿਖਿਆ ਆਇਆ। ਰਾਇ ਕਹਿਆ- ਤੂੰ ਨਾਨਕ ਨੂੰ ਗੁਲਾਮ ਨ ਆਖ। ਫਿਰ ਸਾਨੂੰ ਰੰਜ ਹੋਵੈਗਾ। ਪਿਤਾ ਕਹਿਆ- ਜੀ ਅਸਾਨੂੰ ਅਦਬ ਕਰਨਾ ਲੋੜੀਏ ਨਾ। ਰਾਇ ਕਿਹਾ- ਹੋਰ ਗੱਲਾਂ ਥੋੜੀਆਂ ਹਨ ਅਦਬ ਕਰਨ ਦੀਆਂ? ਤੇਰਾ ਭਲਾ ਹੋਵੈ। ਤੂ ਨਾਨਕ ਨੂੰ ਬੇਟਾ ਕਰਕੇ ਜਾਣਦਾ ਹੈਂ। ਮੈਂ ਜਾਣਦਾ ਹਾਂ ਖ਼ੁਦਾਇ ਉਸ ਵਿਚ ਬੋਲਦਾ ਹੈ।

ਬਾਬਾ ਜੀ ਦੀਆਂ ਯਾਤਰਾਵਾਂ ਦਾ ਦੌਰ ਆਰੰਭ ਹੋਇਆ। ਇਕ ਤੋਂ ਬਾਦ ਦੂਜਾ, ਦੂਜੇ ਤੋਂ ਬਾਦ ਤੀਜਾ ਦੇਸ। ਭਾਈ ਮਰਦਾਨਾ ਜੀ ਦਾ ਸੰਗ। ਵਰ੍ਹਿਆਂ ਬਾਦ ਪਰਤੇ ਤਾਂ ਐਮਨਾਬਾਦ ਭਾਈ ਲਾਲੋ ਦੇ ਘਰ ਬਿਸਰਾਮ ਕੀਤਾ। ਫੈਸਲਾ ਕੀਤਾ ਕਿ ਖ਼ੁਦ ਭਾਈ ਲਾਲੋ ਜੀ ਪਾਸ ਟਿਕਣਗੇ ਤੇ ਮਰਦਾਨਾ ਜੀ ਤਲਵੰਡੀ ਜਾ ਕੇ ਪਰਿਵਾਰਾਂ ਦੀ ਖ਼ੈਰ-ਸੁਖ ਦਾ ਪਤਾ ਲੈਣ ਚਲੇ ਜਾਣ। ਭਾਈ ਮਰਦਾਨਾ ਜੀ ਪਿੰਡ ਬਾਬਾ ਜੀ ਦੇ ਘਰ ਗਏ। ਮਾਪਿਆਂ ਨੇ ਪੁੱਤਰ ਦੀ ਖੈਰ ਪੁਛੀ ਤਾਂ ਉਤਰ ਦਿਤਾ ਕਿ ਸਭ ਠੀਕ ਹੈ। ਸਾਖੀ ਦੇ ਸ਼ਬਦ ਹਨ- ਪਿਤਾ ਨੇ ਕਿਹਾ- ਦੇਹੁ ਮਰਦਾਨਿਆ ਨਾਨਕ ਦੀਆਂ ਖਬਰਾਂ। ਭਾਈ ਮਰਦਾਨਾ ਨੇ ਕਿਹਾ- ਜੀ ਗਿਣਤੀ ਕੋਈ ਨਹੀ ਸਿਫਤਾਂ ਦੀ। ਤੁਸਾਂ ਘਰ ਚੰਦ ਸੂਰਜ ਅਰ ਕ੍ਰਿਸ਼ਨ ਨੇ ਜਨਮ ਲਿਆ ਹੈ, ਮਹਤਾ ਜੀ ਤੁਸੀਂ ਮੰਗਲ ਗਾਵੋ। ਪਿਤਾ ਬੋਲੇ- ਸੁਣ ਲਉ ਇਸ ਦੀਆਂ ਗੱਲਾਂ। ਆਖਦਾ ਹੈ ਚੰਦੂ ਸੂਰਜ ਜਨਮਿਆ ਹੈ। ਜਿਸ ਨੇ ਮੇਰਾ ਨਾਮ ਡੋਬ ਦਿੱਤਾ ਉਸ ਨੂੰ ਇਹ ਚੰਦ ਸੂਰਜ ਆਖਦਾ ਹੈ। ਮਰਦਾਨਾ ਜੀ ਨੇ ਕਿਹਾ- ਜਜਮਾਨ ਤੁਸਾਂਨੂੰ ਏਹੋ ਖਬਰ। ਉਸਨੂੰ ਸਾਰੀ ਪੈਦਾਇਸ ਦੀ ਖਬਰ।

ਰਾਇ ਬੁਲਾਰ ਨੂੰ ਭਾਈ ਮਰਦਾਨਾ ਦੇ ਆਉਣ

ਦੀ ਖਬਰ ਮਿਲੀ ਤਾਂ ਸੱਦਾ ਭੇਜਿਆ। ਜਾ ਸਲਾਮ ਕੀਤਾ। ਰਾਇ ਆਖਿਆ- ਆਖ ਮਰਦਾਨਾ ਨਾਨਕ ਜੀ ਦੀਆਂ ਖਬਰਾਂ। ਮਰਦਾਨਾ ਜੀ ਬੋਲੇ- ਜੀ ਨਾਨਕ ਪਾਤਿਸਾਹਾਂ ਦਾ ਪਾਤਿਸਾਹ, ਪੀਰਾਂ ਦਾ ਪੀਰ, ਨਾਨਕ ਫਕੀਰਾਂ ਸਿਰਿ ਫਕੀਰ। ਉਸਦੈ ਤੁੱਲ ਹੋਰ ਕੋਈ ਨਾਹੀ। ਨਾਨਕ ਦੇ ਉਪਰ ਇਕ ਖੁਦਾਇ ਹੈ। ਨਾਨਕ ਜੀ ਨੂੰ ਖੁਦਾਇ ਵਡਾ ਮਰਾਤਬਾ ਦਿਤਾ। ਰਾਇ ਕਹਿਆ- ਮਰਦਾਨਿਆਂ ਅਸੀਂ ਬਿਰਧ ਹੋਇ ਆਹੇ। ਕਿਸੈਂ ਨਾਨਕ ਜੀ ਨੂੰ ਬੀ ਇਥੈ ਲਿਆਵੇਂ। ਦੀਦਾਰ ਕਰੀਏ।

ਬਾਬਾ ਜੀ ਨੂੰ ਬੁਲਾਉਣ ਲਈ ਮਰਦਾਨਾ ਜੀ ਤਲਵੰਡੀਓਂ ਐਮਨਾਬਾਦ ਵਲ ਤੁਰ ਪਏ। ਜਾ ਕੇ ਪਿੰਡ ਚੱਲਣ ਦੀ ਬੇਨਤੀ ਕੀਤੀ। ਬਾਬਿਆਂ ਕਿਹਾ- ਕੀ ਕਰਾਂਗੇ ਭਾਈ ਤਲਵੰਡੀ ਜਾ ਕੇ। ਪਿਤਾ ਰੰਜ ਹੋਦੇ ਹਨ। ਉਨ੍ਹਾਂ ਦਾ ਕਰੋਧ ਦੇਖਣ ਕੀ ਜਾਣਾ। ਪਿਤਾ ਨੂੰ ਅਸੀ ਸੱਟ ਵਾਂਗ ਲਗਦੇ ਹਾਂ। ਦੇਖੋ ਕਿਸਮਤ। ਉਹੋ ਨਾਨਕ ਹੈ- ਇਕ, ਅੱਵਲ ਤੋਂ ਆਖਰ, ਜ਼ਾਹਰ ਤੋਂ ਬਾਤਨ (ਬਾਹਰ, ਅੰਦਰ), ਇਕ ਹੈ ਨਾਨਕ, ਇਕੋ ਰਹੇਗਾ। ਜੇਹਾ ਰਾਉ ਨਾਲ ਤੇਹਾ ਰੰਕ ਨਾਲ। ਇਕੋ ਰਿਹਾ। ਕਿਸੇ ਨੂੰ ਸੱਟ ਵਾਂਗ ਲੱਗਾ ਕਿਸੇ ਨੂੰ ਸੱਟ ਉਪਰ ਦਾਰੂ ਵਾਂਗ। ਸਾਡਾ ਕੀ ਕਸੂਰ ਭਾਈ। ਰਜ਼ਾ ਕਰਤਾਰ ਦੀ।

ਭਾਈ ਮਰਦਾਨੇ ਨੇ ਕਿਹਾ- ਬਾਬਾ ਜੀ ਰਾਇ ਸਾਹਿਬ ਬਹੁਤ ਯਾਦ ਕਰਦੇ ਹਨ। ਉਨ੍ਹਾਂ ਘਲਿਆ ਹੈ ਮੈਨੂੰ। ਦੀਦਾਰ ਲਈ ਅਰਜ਼ ਗੁਜ਼ਾਰੀ ਹੈ। ਬਾਬਾ ਜੀ ਚੁਪ ਕਰ ਗਏ। ਫਿਰ ਕਿਹਾ, "ਠੀਕ ਹੈ। ਚਲਦੇ ਹਾਂ।" ਭਾਈ ਲਾਲੋ ਨੇ ਕਿਹਾ- ਬਾਬਾ ਤੁਸੀਂ ਇਕ ਮਹੀਨਾ ਅਸਾਂ ਪਾਸ ਰਹਿਣ ਦਾ ਬਚਨ ਕੀਤਾ ਸੀ। ਅਜੇ ਪੱਚੀ ਦਿਨ ਹੋਏ ਹਨ। ਬਾਬਾ ਜੀ ਨੇ ਕਿਹਾ, "ਪੰਜ ਦਿਨ ਬਕਾਏ ਦੇ ਰਹੇ ਅਸਾਂ ਸਿਰ। ਫੇਰ ਰਹਾਂਗੇ। ਹੁਣ ਜਾਣਾ ਪਵੈਗਾ।" ਭਾਈ ਲਾਲੋ ਨੇ ਕਿਹਾ, "ਜੀ ਤਕੜਿਆਂ ਅਗੈ ਕੀ ਜੋਰ। ਜੋ ਰਜਾਇ।" ਬਾਬਾ ਜੀ ਨੇ ਵਿਦਾਇਗੀ ਮੰਗੀ ਤੇ ਅਸੀਸਾਂ ਦੇ ਕੇ ਪਿੰਡ ਦਾ ਰੁਖ ਕੀਤਾ।

ਆਪਣੇ ਘਰ ਨਹੀਂ ਗਏ। ਰਾਇ ਦੀ ਹਵੇਲੀ ਪੁੱਜੇ। ਰਾਇ ਮੰਜੀ ਉਪਰ ਬੈਠੇ ਸਨ। ਉਮਰ ਵਧੀਕ ਹੋ ਗਈ ਸੀ। ਮਹਾਰਾਜ ਨੂੰ ਦੇਖਦਿਆਂ ਮੰਜੀ ਤੋਂ ਉਠਣ ਦਾ ਯਤਨ ਕਰਨ ਲੱਗੇ ਪਰ ਉਠਿਆ ਨਾ ਗਿਆ। ਬਾਬਾ ਜੀ ਤੇਜ਼ ਕਦਮੀ ਅਗੇ ਆਏ ਤੇ ਰਾਇ ਬੁਲਾਰ ਜੀ ਦੇ ਗੋਡਿਆਂ ਉਪਰ ਦੋਵੇਂ ਹੱਥ ਰੱਖੇ। ਰਾਇ ਨੇ ਕਿਹਾ, "ਬਾਬਾ ਵੱਡਾ ਜ਼ੁਲਮ ਕੀਤੈ ਮੈਂ ਉਪਰ। ਤੁਸਾਂ ਨੂੰ ਸੱਦਿਆ ਸੀ, ਜੋ ਕਦਮ ਚੁੰਮਾਂ। ਸਾਡੀ ਦੇਹ ਨੂੰ ਹੱਥ ਕਿਉਂ ਲਾਇਆ ਬਾਬਾ। ਸਾਨੂੰ ਮਾਰ ਨਾਂਹ।"

ਮਹਾਰਾਜ ਨੇ ਫੁਰਮਾਇਆ, "ਰਾਇ ਜੀ ਤੁਸੀਂ ਵੱਡੇ ਹੋ। ਅਸੀਂ ਤੁਹਾਡੀ ਪਰਜਾ ਹਾਂ।" ਰਾਇ ਬੋਲੇ"ਬਾਬਾ ਮੈਨੂੰ ਤੂੰ ਬਖਸ਼। ਅਰ ਕਰਤਾਰ ਤੋਂ ਬੀ ਬਖਸ਼ਾ।" ਗੁਰੂ ਬਾਬੇ ਬੋਲੇ, "ਤੁਸੀਂ ਧੁਰੋਂ ਬਖਸੇ ਹੋਏ ਹੋ।" ਰਾਇ ਨੇ ਫਿਰ ਕਿਹਾ, "ਮੈਂ ਉਪਰ ਆਪਣੀ ਬੀ ਕੁਛ ਮਿਹਰਬਾਨੀ ਕਰ ਬਾਬਾ ਜਾਂ ਫਿਰ ਇਹ ਦਸ ਮੈਂ ਮਿਹਰਬਾਨੀ ਦਾ ਹੱਕਦਾਰ ਨਹੀਂ।" ਬਾਬੇ ਫਰਮਾਇਆ, "ਰਾਇ ਜੀ ਜਿਥੇ ਅਸੀ ਤਿਥੈ ਤੁਸੀਂ।" ਰਾਇ ਨੇ ਕਿਹਾ, "ਰੀਝ ਪੂਰੀ, ਤਾਂ ਹੋਵੈ ਬਾਬਾ ਜੇ ਮੱਥਾ ਕਦਮਾਂ ਉਪਰ ਰੱਖਣ ਦੀ ਇਜਾਜ਼ਤ ਮਿਲੇ।" ਰਾਇ ਬਹੁਤ ਅਧੀਰ ਹੋਇਆ ਤਾਂ ਬਾਬੇ ਦੀ ਆਗਿਆ ਨਾਲ ਸਿਰ ਕਦਮਾਂ ਤੇ ਰੱਖਿਆ ਅਰ ਬਹੁਤ ਬਿਗਸਿਆ। ਬਾਬੇ ਨੇ ਅਸੀਸਾਂ ਦਿੱਤੀਆਂ।

ਫਿਰ ਰਾਏ ਨੇ ਹਮੀਦੇ ਨੌਕਰ ਨੂੰ ਬੁਲਾਇਆ ਤੇ ਕਿਹਾ, "ਸੁਧੇ ਨੂੰ ਬੁਲਾ ਲਿਆ। ਕਮਾਲ ਖਾਣਾ ਉਹੋ ਬਣਾ ਸਕਦਾ ਹੈ।" ਹਮੀਦਾ ਗਿਆ ਤਾਂ ਪੁਛਿਆ, "ਦਸ ਬਾਬਾ ਜੀ ਕੀ ਛਕਣਾ ਹੈ।" ਬਾਬਾ ਜੀ ਨੇ ਕਿਹਾ, "ਕਰਤਾਰ ਜੋ ਭੇਜਦਾ ਹੈ ਖਾ ਲੈਂਦੇ ਹਾਂ।" ਰਾਇ ਨੇ ਪੁੱਛਿਆ, "ਆਗਿਆ ਹੋਵੇ ਤਾਂ ਬੱਕਰਾ ਬਣਾ ਲਈਏ?" ਬਾਬਾ ਜੀ ਨੇ ਕਿਹਾ, "ਪੁੱਛਣ ਦੱਸਣ ਫਰਮਾਇਸ਼ਾ ਦੀ ਕੀ ਲੋੜ ਇਥੇ। ਖੁਸ਼ ਹੋ ਕੇ ਜੋ ਖੁਆਓਗੇ ਖਾਵਾਂਗੇ। ਜੋ ਤੁਸਾਂ ਨੂੰ ਭਾਵੇ ਸੋਈ ਅਸਾਂ ਲਈ ਅੱਛਾ ਹੈ।" ਰਾਇ ਨੇ ਰਸੋਈਆਂ ਨੂੰ ਕਿਹਾ, "ਪਹਿਲੋਂ ਮਿੱਠਾ ਬਣਾਉ। ਸਲੂਣਾ ਬਾਦ ਵਿਚ ਛਕਾਂਗੇ।" ਇਹ ਪ੍ਰਸੰਗ ਭਾਈ ਬਾਲੇ ਜੀ ਦੀ ਸਾਖੀ ਵਿਚੋਂ ਹੈ। ਮਾਤਾ-ਪਿਤਾ ਹਵੇਲੀ ਵਿਚ ਮਿਲ ਕੇ ਚਲੇ ਗਏ।

ਰਾਇ ਬੁਲਾਰ ਨੇ ਸਾਰੀ ਉਮਰ ਬਾਬਿਆਂ ਦੇ

ਨਾਮ ਦਾ ਸਿਮਰਨ ਕੀਤਾ। ਆਪਣੇ ਮੇਲੀਆਂ-ਜੇਲੀਆਂ, ਸਬੰਧੀਆਂ ਨਾਲ ਗੱਲਾਂ-ਬਾਤਾਂ ਕਰਦਿਆਂ ਆਖ ਦਿੰਦੇ "ਯਾਰੋ ! ਕੌਣ ਹੈ ਖੁਸ਼ਕਿਸਮਤ ਆਲਮ ਵਿਚ ਸਾਡੇ ਜਿਹਾ? ਅਸਾਂ ਉਹ ਕੁੱਝ ਦੇਖ ਲਿਆ ਜੋ ਦੇਖਣ ਲਈ ਜੰਗਲਾਂ ਵਿਚ ਤਪ ਕਰਦਿਆਂ ਉਮਰਾਂ ਬੀਤਦੀਆਂ ਹਨ, ਫਿਰ ਵੀ ਨਸੀਬ ਨਹੀਂ ਹੁੰਦਾ। ਬੈਠੇ ਬਠਾਏ ਅਸੀਂ ਕੇਹੇ ਧਨੀ ਹੋ ਗਏ ਬਿਨਾ ਕੁੱਝ ਕੀਤਿਆਂ ਕਰਾਇਆਂ। ਆਪਣੀ ਮਰਜ਼ੀ ਨਾਲ ਮਿਹਰਬਾਨ ਹੋ ਕੇ ਦੋਸਤਾਂ ਵਾਂਗ ਖੁਦਾਵੰਦ ਇਸ ਸਾਹਮਣੀ ਡੱਠੀ ਮੰਜੀ ਉਪਰ ਬੈਠ ਜਾਇਆ ਕਰਦਾ ਸੀ। ਰਸ਼ਕ ਕਰਨਗੇ ਜ਼ਮਾਨੇ।ਕੀ ਸੀ ਸਾਡੇ ਪਾਸ ਉਸ ਵਾਸਤੇ? ਖਿਦਮਤ ਸੀ ਇਕ, ਜੋ ਅਸਾਂ ਦਿਲੋਂ ਕੀਤੀ। ਇਸ ਗਰੀਬ ਸਾਦਿਕ (ਸਿਦਕਵਾਨ) ਪਾਸ ਹੋਰ ਕੱਖ ਨਹੀਂ ਸੀ। ਉਸ ਪਾਸ ਸਭ ਕੁੱਝ। ਉਹ ਚੰਦ ਤਾਰਿਆਂ ਦਾ ਮਾਲਕ।"

ਇਕ ਦਿਨ ਰਾਇ ਜੀ ਨੇ ਕਿਹਾ, "ਬਾਬਾ, ਤੁਸਾਂ ਦੇ ਮਾਪੇ ਬਿਰਧ ਹੋ ਗਏ ਹਨ। ਪਤਾ ਨਹੀਂ ਕਿੰਨਾਂ ਕੁ ਚਿਰ ਹੋਰ ਹਨ। ਤੁਸੀਂ ਮੁੱਦਤਾਂ ਬਾਦ ਪਰਤਦੇ ਹੋ। ਮਾਪਿਆਂ ਨੂੰ ਮਿਲਣ ਲਈ ਆਉਂਦੇ ਸਉ ਤਾਂ ਅਸਾਂ ਨੂੰ ਭੀ ਦੀਦਾਰ ਨਸੀਬ ਹੋ ਜਾਂਦੇ। ਮਾਤਾ-ਪਿਤਾ ਨਾ ਰਹੇ ਤਾਂ ਕਿਸ ਵਾਸਤੇ ਨਿਮਾਣੀ ਤਲਵੰਡੀ ਵਿਚ ਆਉਣਾ ਹੈ ਤੁਸੀਂ। ਫੇਰ ਅਸੀਂ ਕੀ ਕਰਾਂਗੇ।" ਬਾਬਾ ਜੀ ਹੱਸ ਪਏ। ਕਿਹਾ, "ਅਨਜਾਣ ਨਾ ਬਣੋ ਰਾਇ ਜੀ। ਹੋਰ ਕਿਸੇ ਨੂੰ ਪਤਾ ਹੋਵੇ ਨਾ ਹੋਵੇ। ਤੁਸਾਂ ਨੂੰ ਪਤਾ ਹੈ ਸਭ। ਤੁਸਾਂ ਨੂੰ ਮਿਲਣ ਆਂਵਦਾ ਮਾਪਿਆਂ ਨੂੰ ਭੀ ਮਿਲ ਜਾਂਦਾ। ਪਿਤਾ ਮੁਤਾਬਕ ਤਾਂ ਉਨ੍ਹਾਂ ਦਾ ਨਾਮ ਰੋਲਣ ਲਈ ਜੰਮਿਆਂ ਸੀ ਨਾਨਕ।"

ਰਾਇ ਨੇ ਕਿਹਾ, "ਜੀ ਹੁਣ ਕਈ ਮਹੀਨੇ ਨਹੀਂ ਜਾਣ ਦੇਣਾ ਤੁਸਾਂ ਨੂੰ। ਸਾਡੀ ਅਰਜ਼ ਮੋੜਨੀ ਨਾਂਹ।" ਬਾਬਾ ਜੀ ਨੇ ਕਿਹਾ, "ਕੀ ਕਰਾਂਗੇ ਰਹਿ ਕੇ। ਇਸਨਾਨ ਕਰਨ ਵਾਸਤੇ ਪਾਣੀ ਨਹੀਂ ਲਭਦਾ ਇਥੇ। ਛੱਪੜ ਵੀ ਸੁੱਕਿਆ ਪਿਆ ਹੈ। ਦਰਿਆਵਾਂ-ਸਮੁੰਦਰਾਂ ਦੇ ਆਸ਼ਕ ਇਥੇ ਨਹੀਂ ਰਹਿਣਗੇ। ਤਲਵੰਡੀ ਤੁਸਾਂ ਨੂੰ ਮੁਬਾਰਕ।" ਰਾਇ ਨੇ ਕਿਹਾ, "ਚਾਰ ਕੂੰਟਾਂ ਵਿਚ ਬਾਬਾ ਚਾਰ ਖੂਹ ਖੁਦਵਾਇ ਦੇਸਾਂ। ਅਰ ਚਲਵਾਇ ਦੇਸਾਂ ਸਦਾਬਰਤ ਲੰਗਰ ਤੁਸਾਂ ਦੇ ਮੁਬਾਰਕ ਹੱਥਾਂ ਦੀ ਛੂਹ ਨਾਲ।" ਟਿਕਾਣਾ ਕਰਨ ਲਈ ਹਾਂ ਤਾਂ ਕਰੋ ਇਕ ਬਾਰ।" ਬਾਬਾ ਜੀ ਨੇ ਕਿਹਾ, "ਲੰਗਰ ਤਾਂ ਚਲੇਗਾ ਰਾਇ ਜੀ ਪਰ ਕਿਸੇ ਹੋਰ ਬਿਧ ਨਾਲ।" ਗੁਰੂ ਜੀ ਨੇ ਫੈਸਲਾ ਕੀਤਾ ਕਿ ਅਗਲੀ ਯਾਤਰਾ ਉਤੇ ਜਾਣ ਤੋਂ ਪਹਿਲੋਂ ਰਾਇ ਜੀ ਨੂੰ ਵਿਦਾ ਕਰਕੇ ਜਾਵਾਂਗੇ। ਸੰਨ 1515 ਈਸਵੀ ਵਿੱਚ ਆਪਣੇ ਹੱਥੀਂ ਮਹਾਰਾਜ ਨੇ ਅਸੀਸਾਂ ਦੇ ਕੇ ਸੰਸਾਰ ਵਿਚੋਂ ਰਾਇ ਬੁਲਾਰ ਖਾਨ ਨੂੰ ਤੋਰਿਆ।

ਸਾਖੀਕਾਰ ਇਥੇ ਸਾਖੀ ਖਤਮ ਕਰ ਦਿੰਦਾ ਹੈ। ਉਹ ਕਿਹੜੀ ਵਿਧੀ ਹੈ ਜਿਸ ਨਾਲ ਲੰਗਰ ਚਲੇਗਾ, ਨਹੀਂ ਦੱਸੀ। ਪਰ ਅਖੀਰ ਵਿਚ ਇਸ ਭੇਦ ਦਾ ਪਤਾ ਲਗਦਾ ਹੈ। ਜਦੋਂ ਭਾਈ ਮਰਦਾਨਾ ਜੀ ਦਾ ਅਫ਼ਗਾਨਿਸਤਾਨ ਦੇ ਦਰਿਆ 'ਕੁੱਰਮ' ਕਿਨਾਰੇ ਦੇਹਾਂਤ ਹੋ ਗਿਆ ਤਾਂ ਬਾਬੇ ਵਾਪਸ ਤਲਵੰਡੀ ਪਿੰਡ ਪਰਤੇ। ਫਿਰ ਯਾਤਰਾਵਾਂ ਤੇ ਨਹੀਂ ਗਏ। ਕਰਤਾਰਪੁਰ ਵਸਾ ਕੇ ਹਲ ਵਾਹਿਆ। ਖੇਤੀ ਕੀਤੀ। ਉਦੋਂ ਤਕ ਮਾਪੇ ਤੇ ਰਾਇ ਬੁਲਾਰ ਸਾਹਿਬ ਸੰਸਾਰ ਤੋਂ ਵਿਦਾ ਹੋ ਚੁਕੇ ਸਨ। ਜਿਹੜੀ ਫ਼ਸਲ ਹੋਈ, ਉਹ ਸਾਰੀ ਲੰਗਰ ਵਿਚ ਪਾ ਕੇ ਅਰਦਾਸ ਕੀਤੀ। ਸਿਖਾਂ ਨੂੰ 'ਦਸਵੰਧ' ਕੱਢਣ ਦਾ ਹੁਕਮ ਹੈ। ਬਾਬਾ ਜੀ ਨੇ ਸਾਰੀ ਫਸਲ ਨਾਲ ਲੰਗਰ ਆਰੰਭਿਆ। ਦੱਸਣਾ ਸੀ ਕਿ ਕਿਰਤ ਸਰਬੋਤਮ ਹੈ। ਦੱਸਣਾ ਸੀ ਕਿ ਬਾਬਾ ਜੀ ਦੀ ਸਾਰੀ ਕਮਾਈ ਸਾਰੀ ਕਾਇਨਾਤ ਵਾਸਤੇ ਹੈ। ਕੇਵਲ ਬਾਣੀ ਨਹੀਂ- ਰਿਜ਼ਕ ਵੀ। ਲੋਕ ਸਾਰੀ ਉਮਰ ਕਿਰਤ ਕਰਦੇ ਹਨ। ਅਖੀਰ ਬੁਢੇਪੇ ਵਿਚ ਰੱਬ ਦਾ ਨਾਮ ਜਪਦੇ ਹਨ। ਗੁਰੂ ਬਾਬੇ ਨੇ ਦੁਨੀਆਂ ਤੋਂ ਉਲਟ ਕੀਤਾ। ਜੁਆਨ ਉਮਰ ਨਾਮ ਜਪਿਆ। ਬੁਢੇਵਾਰੇ ਖੇਤ ਵਾਹੇ, ਬੀਜੇ, ਵੱਢੇ। ਸਾਰੀ ਉਮਰ ਵਿਚ ਇਕ ਵੀ ਮਿਸਾਲ ਅਜਿਹੀ ਨਹੀਂ ਮਿਲਦੀ ਕਿ ਬਾਬਾ ਜੀ ਨੇ ਜੇਬ ਵਿਚ ਪੈਸੇ ਸੰਭਾਲੇ ਹੋਣ। ਦੂਜੇ ਪਾਸੇ, ਇਸ਼ਾਰਿਆਂ ਰਾਹੀਂ ਦੱਸ ਦਿੱਤਾ ਕਿ ਪੂੰਜੀ ਜਮ੍ਹਾ ਕਰਨੀ ਠੀਕ ਨਹੀਂ। ਭਾਈ ਮਰਦਾਨਾ ਜੀ ਨੂੰ ਕਿਤੋਂ ਅਸ਼ਰਫੀ ਮਿਲੀ। ਰਾਤ ਪਈ ਤਾਂ ਕਹਿਣ ਲਗੇ, "ਬਾਬਾ, ਡਰ ਲਗਦਾ ਹੈ।" ਕਿਉਂ ਲਗਦਾ

ਹੈ, ਕਿਸ ਤੋਂ ਡਰ ਲਗਦਾ ਹੈ, ਬਾਬਾ ਜੀ ਨੇ ਕੁੱਝ ਨਹੀ ਪੁੱਛਿਆ। ਬਸ ਏਨਾ ਕਿਹਾ, "ਭਾਈ ਜਿਸ ਚੀਜ ਕਰਕੇ ਡਰ ਲਗਦਾ ਹੈ ਉਹ ਸੁੱਟ ਦੇਹ। ਡਰ ਹਟ ਜਾਵੇਗਾ।" ਇਹ ਗਲ ਕੇਵਲ ਧਨ-ਦੋਲਤ ਉਪਰ ਲਾਗੂ ਨਹੀਂ। ਕੋਈ ਵੀ ਵਾਸਨਾ ਆਈ, ਤਾਂ ਡਰ ਨਾਲ ਦੀ ਨਾਲ ਆ ਗਿਆ। ਵਾਸਨਾ ਤੋਂ ਮੁਕਤ ਮਨੁੱਖ ਸ਼ਾਹਾਂ ਤੇ ਨਬੀਆਂ ਦਾ ਸਰਦਾਰ ਹੁੰਦਾ ਹੈ, ਜਿਵੇਂ ਗੁਰੂ ਬਾਬਾ ਜੀ ਸਨ।

ਸਾਖੀਕਾਰ ਕਲਜੁਗ ਦਾ ਬੜਾ ਭਿਆਨਕ ਰੂਪ ਚਿੱਤਰਦਾ ਹੈ। ਕੜਕਦੀਆਂ ਬਿਜਲੀਆਂ, ਘੋਰ ਪਾਉਂਦੀਆਂ ਘਟਾਵਾਂ, ਉਬਾਲ ਖਾ ਰਹੇ ਸਮੁੰਦਰ, ਜੰਗਲਾਂ ਨੂੰ ਸਾੜਦੀਆਂ ਆਕਾਸ਼ ਛੂੰਹਦੀਆਂ ਲਾਟਾਂ ਦੇ ਵਸਤਰ ਪਹਿਨ ਕੇ ਕਲਜੁਗ ਬਾਬੇ ਨੂੰ ਮਿਲਣ ਆਇਆ। ਵਣਤ੍ਰਿਣ ਹਰੇਕ ਪ੍ਰਾਣੀ ਕੰਬਣ ਲੱਗਾ। ਬਾਬਾ ਜੀ ਸ਼ਾਂਤ ਚਿਤ ਉਸ ਨੂੰ ਨਿਹਾਰਦੇ ਰਹੇ। ਕਲਯੁਗ ਨੂੰ ਸ਼ਾਂਤ ਹੋਣ ਲਈ ਕਿਹਾ ਤੇ ਪੁੱਛਿਆ-ਦਸ ਕਿ! ਆਇਆ। ਕਲਯੁਗ ਨੇ ਕਿਹਾ-ਤੁਸਾਂ ਦੀ ਖਬਰਸਾਰ ਲੈਣ ਆਇਆ ਹਾਂ ਬਾਬਾ। ਨਮਸਕਾਰ ਕੀਤੀ। ਬਾਬੇ ਨੇ ਕਿਹਾ- ਤੇਰੀਓ ਵਾੜੀ ਦਾ ਤਾਂ ਮੈਂ ਅੰਗੂਰ ਹਾਂ। ਤੂੰ ਨਹੀਂ ਖ਼ਬਰ ਲਏਂਗਾ ਹੋਰ ਕੌਣ ਲਏਗਾ? ਕਲਯੁਗ ਨੇ ਕਿਹਾ-ਦੱਸੋ ਕੀ ਖਿਦਮਤ ਕਰਾਂ ਤੁਸਾਂ ਦੀ। ਬਾਬਾ ਜੀ ਨੇ ਕਿਹਾ- ਏਨਾ ਕਰੀਂ ਕਿ ਜੋ ਸਾਡੀ ਮੰਨੇ ਉਸਨੂੰ ਤੰਗ ਨਾ ਕਰੀਂ। ਕਲਯੁਗ ਨੇ ਕਿਹਾ- ਇਹ ਫੈਸਲਾ ਹੋ ਚੁੱਕਾ ਹੈ ਬਾਬਾ।ਜੋ ਤੇਰੀ ਮੰਨੇਗਾ, ਕਿਸੇ ਯੁੱਗ ਵਿਚ ਉਸ ਨੂੰ ਸੇਕ ਨਹੀਂ ਲਗੇਗਾ। ਨਮਸਕਾਰ ਕਰਕੇ ਸ਼ਾਂਤਚਿਤ ਕਲਯੁਗ ਪਰਤਿਆ।

ਰਾਇ ਬੁਲਾਰ ਜੀ ਨਾਲ ਬਾਬਾ ਜੀ ਦੀ ਇਕ ਹੋਰ ਸਾਂਝ ਦਾ ਜ਼ਿਕਰ ਸਾਡੀਆਂ ਸਾਖੀਆਂ ਵਿਚ ਨਹੀਂ ਆਉਂਦਾ। ਬਹੁਤ ਵੱਡੀ ਇਕ ਘਟਨਾ ਘਟੀ ਪਰ ਹੈਰਾਨ ਹਾਂ ਕਿ ਸਾਖੀਆਂ ਵਿਚ ਕਿਉਂ ਨਹੀ ਦਰਜ ਕੀਤੀ ਗਈ। ਇਹ ਸਾਖੀ ਨਨਕਾਣਾ ਸਾਹਿਬ ਵਿਚ ਮੈਨੂੰ ਇਕ ਨੇਕ-ਬਖ਼ਤ ਮੁਸਲਮਾਨ ਨੇ ਸੁਣਾਈ। ਨਨਕਾਣਾ ਸਾਹਿਬ ਮੱਥਾ ਟੇਕਿਆ, ਕੀਰਤਨ ਸੁਣਿਆ, ਲੰਗਰ ਛਕਿਆ। ਸੋਚਿਆ, ਮੁਸਲਮਾਨਾਂ ਨੂੰ ਮਿਲਾਂ ਗੱਲਾਂ ਕਰਾਂ। ਕਾਲਜ ਤਾਂ ਹੋਣਾ ਨਹੀ ਇੱਥੇ, ਸਕੂਲ ਹੋਇਗਾਂ। ਕਿਸੇ ਮਾਸਟਰ ਨੂੰ ਮਿਲੀਏ। ਪੁਲਸ ਅਫਸਰ ਨੂੰ ਦਸਿਆ ਕਿ ਮੈਂ ਪ੍ਰੋਫੈਸਰ ਹਾਂ। ਕਿਸੇ ਪ੍ਰੋਫੈਸਰ ਜਾਂ ਮਾਸਟਰ ਨੂੰ ਮਿਲਣਾ ਚਾਹੁੰਦਾ ਹਾਂ। ਡੀ. ਐਸ. ਪੀ. ਨੇ ਦੱਸਿਆ- ਅਹਿ ਇਧਰ ਦੋ ਕੁ ਫਰਲਾਂਗ ਤੇ ਕਾਲਜ ਹੈ, ਚਲੇ ਜਾਓ। ਤੁਰਦਾ ਗਿਆ।ਅਗੇ ਗੇਟ ਆ ਗਿਆ। ਅੰਗਰੇਜ਼ੀ ਅਤੇ ਉਰਦੂ ਅੱਖਰਾਂ ਵਿਚ ਲਿਖਿਆ ਹੋਇਆ ਸੀ- ਗੁਰੂ ਨਾਨਕ ਗੌਰਮਿੰਟ ਡਿਗਰੀ ਕਾਲਜ ਨਨਕਾਣਾ ਸਾਹਿਬ। ਅੰਦਰ ਲੰਘਿਆ। ਕੋਈ ਦਿੱਸਿਆ ਨਹੀ। ਚੌਕੀਦਾਰ ਨੇ ਸਲਾਮਾਲੇਕਮ ਆਖਿਆ ਤੇ ਕਿਹਾ- ਜੀ ਖਿਦਮਤ? ਮੈਂ ਕਿਹਾ ਕੋਈ ਪ੍ਰੋਫੈਸਰ ਨਹੀ? ਉਸ ਨੇ ਕਿਹਾ- ਹਨ। ਇਮਤਿਹਾਨ ਹੋ ਰਹੇ ਹਨ। ਡਿਊਟੀਆਂ ਤੇ ਹਨ। ਕੰਮ ਹੈ ਤਾਂ ਜਿਸ ਨੂੰ ਕਹੋ ਬੁਲਾ ਲਿਆਉਂਦਾ ਹਾਂ। ਮੈਂ ਕਿਹਾ- ਕੰਮ ਤਾਂ ਕੋਈ ਨਹੀ। ਘੰਟੇ ਨੂੰ ਫੇਰ ਆ ਜਾਵਾਂਗਾ ਪੰਜ ਵਜੇ। ਵਾਪਸ ਤੁਰ ਪਿਆ। ਇਕ ਸਾਢੇ ਛੇ ਫੁੱਟ ਲੰਮਾ 65-70 ਸਾਲ ਦਾ ਬਜੁਰਗ ਸਲਵਾਰ ਕਮੀਜ ਦਸਤਾਰ ਪਹਿਨੀ ਮੇਰੇ ਵਲ ਤੇਜ਼ੀ ਨਾਲ ਆਇਆ। ਸਰਦਾਰ ਜੀ ਸੱਤ ਸ੍ਰੀ ਅਕਾਲ।ਪਰਤ ਕਿਉਂ ਚਲੇ? ਮੈਂ ਤੁਹਾਨੂੰ ਦੇਖਿਆ ਤਾਂ ਲੇਬਰ ਨੂੰ ਛੁੱਟੀ ਦੇ ਦਿੱਤੀ। ਮੈਂ ਠੇਕੇਦਾਰ ਹਾਂ। ਮੁੰਡਿਆਂ ਲਈ ਹੋਸਟਲ ਬਣਾ ਰਿਹਾ ਹਾਂ। ਆਉ ਇਧਰ ਬੈਠੀਏ। ਗੱਲਾਂ ਕਰਾਂਗੇ। ਦੋ-ਤਿੰਨ ਕੁਰਸੀਆਂ ਮੰਗਵਾ ਲਈਆਂ। ਕੋਈ ਮਜ਼ਦੂਰ ਛੁੱਟੀ ਕਰਕੇ ਘਰ ਨਹੀ ਗਿਆ, ਸਾਰੇ ਸਾਡੇ ਇਰਦ-ਗਿਰਦ ਜ਼ਮੀਨ ਉਪਰ ਬੈਠ ਗਏ। ਗੱਲਾਂ ਦੌਰਾਨ ਮੈਂ ਪੁੱਛਿਆ- ਗੁਰਦੁਆਰਾ ਸਾਹਿਬ ਦੇ ਨਾਮ ਕਿੰਨੀ ਜ਼ਮੀਨ ਹੈ ਇਥੇ? ਉਸਨੇ ਕਿਹਾ- ਜੀ ਕਿਉਂ ਪੁੱਛੀ ਇਹ ਗੱਲ ? ਰਹਿਣ-ਸਹਿਣ ਖਾਣ-ਪੀਣ ਵਿਚ ਕੋਈ ਦਿੱਕਤ ਆਈ? ਮੈਂ ਕਿਹਾ-ਨਹੀਂ। ਕੋਈ ਕਮੀ ਨਹੀ ਰਹੀ। ਇਹ ਮੇਰੇ ਬਾਬੇ ਦਾ ਜਨਮ ਸਥਾਨ ਹੈ ਨਾ। ਇਸ ਵਾਸਤੇ ਕੀ ਮੇਰਾ ਫਿਕਰਮੰਦ ਹੋਣ ਦਾ ਹੱਕ ਨਹੀ? ਉਸਨੇ ਕਿਹਾ- ਬਿਲਕੁਲ ਨਹੀਂ। ਫਿਕਰ ਕਰਨ ਦਾ ਹੱਕ ਵੱਡਿਆਂ ਦਾ ਹੈ। ਸਾਡਾ ਤੁਹਾਡਾ ਹੱਕ ਬੰਦਗੀ ਕਰਨ ਦਾ ਹੈ। ਹਜ਼ਰਤ ਬਾਬਾ ਨਾਨਕ ਅਲਹਿ ਸਲਾਮ ਸਾਡਾ ਫਿਕਰ ਕਰਦਾ ਹੈ।

ਮੈਂ ਕਿਹਾ- ਦਰੁਸਤ। ਅੱਛਾ ਇਹ ਦੱਸੋ ਕਿ ਜਾਣਨ ਦਾ ਹੱਕ ਤਾਂ ਹੈ? ਉਸ ਨੇ ਕਿਹਾ ਹਾਂ।

ਜਾਣਨ ਦਾ ਹੱਕ ਹੈ। ਸਾਢੇ ਸੱਤ ਸੌ ਮੁਰੱਬਾ ਜ਼ਮੀਨ ਗੁਰਦੁਆਰੇ ਦੇ ਨਾਮ ਹੈ। ਫਿਰ ਪੁੱਛਿਆ- ਕੀ ਮਹਾਰਾਜਾ ਰਣਜੀਤ ਸਿੰਘ ਨੇ ਲੁਆਈ ਸੀ ਇਹ ਜ਼ਮੀਨ? ਠੇਕੇਦਾਰ ਨੇ ਕਿਹਾ- ਬਿਲਕੁਲ ਨਹੀਂ। ਇੰਨੀ ਜ਼ਮੀਨ ਕਿਸੇ ਗੁਰਦੁਆਰੇ ਦੇ ਨਾਮ ਮਹਾਰਾਜੇ ਨੇ ਨਹੀਂ ਲੁਆਈ। ਇਹ ਸਾਡੇ ਭੱਟੀਆਂ ਦੇ ਸਰਦਾਰ ਨੇ ਲੁਆਈ ਸੀ। ਮੈਂ ਫਿਰ ਪੁੱਛਿਆ- ਭੱਟੀਆਂ ਦਾ ਸਰਦਾਰ ਕੌਣ? ਉਸਨੇ ਕਿਹਾ ਭੱਟੀਆਂ ਦੇ ਸਰਦਾਰ ਨੂੰ ਨਹੀਂ ਜਾਣਦੇ? ਇਥੇ ਪੰਜਾਹ ਪਿੰਡਾਂ ਵਿਚ ਬੱਚੇ-ਬੱਚੇ ਨੂੰ ਉਸ ਦਾ ਤੇ ਬਾਬੇ ਦੇ ਨਾਮ ਦਾ ਪਤਾ ਹੈ। ਉਸਦਾ ਨਾਮ ਸੀ ਰਾਇ ਬੁਲਾਰ ਖ਼ਾਨ ਸਾਹਿਬ। ਇਥੇ ਬੜੇ ਪਿੰਡ ਹਨ ਜੀ ਭੱਟੀਆਂ ਦੇ। ਤੁਸਾਂ ਨਹੀਂ ਸਰਦਾਰ ਦਾ ਨਾਮ ਸੁਣਿਆ? ਮੈਂ ਕਿਹਾ- ਇਸ ਸਰਦਾਰ ਦਾ ਨਾਮ ਤਾਂ ਸਾਡੇ ਕਣ-ਕਣ ਵਿਚ ਰਸਿਆ ਹੋਇਆ ਹੈ ਭਰਾ, ਪਰ ਮੈਨੂੰ ਇਹ ਨਹੀਂ ਸੀ ਪਤਾ ਕਿ ਰਾਇ ਸਾਹਿਬ ਭੱਟੀ ਸਨ।

ਠੇਕੇਦਾਰ ਨੇ ਕਿਹਾ- ਜੀ ਅਸੀ ਭੱਟੀ, ਆਮ ਨਹੀਂ ਹਾਂ। ਮੈਂ ਵੀ ਭੱਟੀ ਆਂ। ਸਾਰਿਆਂ ਜਹਾਨਾਂ ਦੇ ਮਾਲਕ ਗੁਰੂ ਬਾਬੇ ਨੂੰ ਸਭ ਤੋਂ ਪਹਿਲਾਂ ਸਾਡੇ ਸਰਦਾਰ ਨੇ ਪਛਾਣਿਆ ਸੀ। ਇਕ ਕੋਹਿਨੂਰ ਦੀ ਸ਼ਨਾਖਤ ਕਰ ਲਈ ਸੀ ਭੱਟੀ ਸਰਦਾਰ ਨੇ, ਉਦੋਂ ਹੀ ਜਦੋਂ ਉਹ ਬਚਪਨ ਵਿਚ ਸੀ। ਹੁਣ ਸੁਣੋ ਜ਼ਮੀਨ ਦੇਣ ਦੀ ਗੱਲ। ਰਾਇ ਬੁਲਾਰ ਖਾਨ ਪੰਦਰਾਂ ਸੌ ਮੁਰੱਬਿਆਂ ਦਾ ਤਕੜਾ ਰਈਸ ਅਤੇ ਖੁੱਦਦਾਰ ਇਨਸਾਨ ਸੀ, ਪਰ ਸੀ ਨੇਕੀ ਦਾ ਮੁਜਸਮਾ। ਬਾਬਾ ਜੀ ਦਾ ਕਦਰਦਾਨ ਸੀ ਪੂਰਾ। ਉਸ ਦੀ ਉਮਰ ਚਾਲੀਆਂ ਤੋਂ ਟੱਪ ਚਲੀ ਪਰ ਔਲਾਦ ਨਹੀਂ ਸੀ। ਦਸਦੇ ਨੇ ਪਈ ਘੋੜੇ ਤੇ ਸਵਾਰ ਹੋ ਕੇ ਮੁਰੱਬਿਆਂ ਦਾ ਦੌਰਾ ਕਰਨ ਗਿਆ। ਗੁਰੂ ਬਾਬੇ ਦੀ ਉਮਰ 12-13 ਸਾਲ ਸੀ। ਬਾਬਾ ਮੱਝਾਂ ਚਾਰ ਰਿਹਾ ਸੀ। ਰਾਇ ਸਾਹਿਬ ਘੋੜੇ ਤੋਂ ਉਤਰੇ। ਜੋੜੇ ਉਤਾਰੇ। ਬਾਬਾ ਜੀ ਦੇ ਨਜ਼ਦੀਕ ਹੱਥ ਜੋੜ ਕੇ ਖਲੋ ਗਏ ਤੇ ਕਿਹਾ- ਬਾਬਾ ਮੇਰੀ ਮੁਰਾਦ ਪੂਰੀ ਕਰ।

ਲਉ ਜੀ ਮੇਰੀਆਂ ਅੱਖਾਂ ਸਾਹਮਣੇ ਜਨਮ ਸਾਖੀ ਦਾ ਇਹ ਦ੍ਰਿਸ਼ ਘੁੰਮ ਗਿਆ। ਮੈਂ ਜਾਣਦਾ ਸਾਂ ਕਿ ਇਹ ਘਟਨਾ ਵਾਪਰੀ ਸੀ। ਠੇਕੇਦਾਰ ਨੇ ਅੱਗੇ ਦੱਸਿਆ- ਜੀ ਕਦੀ ਬਾਲ ਘਰ ਵਿਚ ਖੇਡੇ, ਇਹ ਮੁਰਾਦ ਮਨ ਵਿਚ ਲੈ ਕੇ ਅਰਜ਼ ਗੁਜ਼ਾਰਨ ਗਏ ਸਨ। ਬਾਬਾ ਜੀ ਨੇ ਅਸੀਸਾਂ ਦਿੱਤੀਆਂ ਅਤੇ ਕਿਹਾ- ਰਾਇ ਤੁਸਾਂ ਦੀ ਮੁਰਾਦ ਪੂਰੀ ਹੋਈ, ਸ਼ੱਕ ਨਾਂ ਕਰਨਾ।

ਸਾਲ ਬਾਦ ਰਾਇ ਸਾਹਿਬ ਦੇ ਘਰ ਬੇਟੇ ਦਾ ਜਨਮ ਹੋਇਆ। ਸਰਦਾਰ ਏਨਾ ਖੁਸ਼ ਕਿ ਦਾਅਵਤ ਦਿੱਤੀ ਬੜੀ ਵੱਡੀ। ਜੀ ਨਵਾਬ ਸਾਹਿਬ ਖੁਦ ਆਏ ਸਨ ਦੌਲਤ ਖਾਨ ਸਾਹਿਬ ਇਸ ਜਸ਼ਨ ਵਿਚ ਸ਼ਿਰਕਤ ਕਰਨ। ਪਿੰਡਾਂ ਦੇ ਪਿੰਡ ਆਣ ਉਤਰੇ ਸਨ। ਇਸ ਭਾਰੀ ਇਕੱਠ ਵਿਚ ਸ਼ੁਕਰਾਨਾ ਕਰਨ ਮਗਰੋਂ ਰਾਇ ਸਾਹਿਬ ਨੇ ਆਪਣੀ ਅੱਧੀ ਜ਼ਮੀਨ ਹਜ਼ਰਤ ਬਾਬਾ ਨਾਨਕ ਦੇ ਨਾਮ ਇੰਤਕਾਲ ਤਬਦੀਲ ਕਰ ਦੇਣ ਦਾ ਐਲਾਨ ਕੀਤਾ। ਸੋ ਉਦੋਂ ਸਾਢੇ ਸੱਤ ਸੌ ਮੁਰੱਬੇ ਬਾਬਾ ਜੀ ਦੇ ਨਾਮ ਹੋਏ ਜੋ ਹੁਣ ਤਕ ਤੁਰੇ ਆਂਵਦੇ ਹਨ। ਪੰਦਰਾਂ ਕੁ ਸਾਲ ਪਹਿਲਾਂ ਸਾਡੇ ਖਿਆਲ ਵਿਚ ਇਹ ਗੱਲ ਆਈ ਪਈ ਮਾਲਕ ਅਸੀਂ, ਕਾਬਜ਼ ਅਸੀਂ, ਕਾਸ਼ਤਕਾਰ ਅਸੀਂ ਪਰ ਨਾਮ ਸਾਡਾ ਮਾਲ ਰਿਕਾਰਡ ਵਿਚ ਬੋਲਦਾ ਨਹੀਂ। ਅਸੀ ਇਸ ਜ਼ਮੀਨ ਉਪਰ ਨਜ਼ਾਇਜ ਕਬਜੇ ਪੁਸ਼ਤਾਂ ਤੋਂ ਕੀਤੇ ਹੋਏ ਹਨ। ਦੋ ਕੁ ਸੌ ਕਿੱਲੇ ਜ਼ਮੀਨ ਬਚੀ ਹੋਈ ਹੈ ਗੁਰਦਵਾਰੇ ਦੇ ਕਬਜ਼ੇ ਵਿਚ। ਬਾਕੀ ਦੀ ਭੱਟੀ ਵਾਹੁੰਦੇ ਬੀਜਦੇ ਹਨ।ਅਸੀ ਸ਼ੇਖਪੁਰੇ ਅਦਾਲਤ ਵਿਚ ਮੁਕੱਦਮਾ ਦਾਇਰ ਕਰ ਦਿੱਤਾ ਕਿ ਪਿਛਲੀ ਉਮਰੇ ਸਾਡੇ ਬਜ਼ੁਰਗਾਂ ਦੇ ਬਜ਼ੁਰਗ ਰਾਇਬੁਲਾਰ ਸਾਹਿਬ ਦਾ ਦਿਮਾਗ ਹਿੱਲ ਗਿਆ ਸੀ। ਉਸ ਨੇ ਅੱਧੀ ਜ਼ਮੀਨ ਇਕ ਫਕੀਰ ਨਾਨਕ ਦੇ ਨਾਮ ਕਰਵਾ ਦਿੱਤੀ ਪਰ ਉਸਦੇ ਹੱਕਦਾਰ ਅਸੀਂ ਹਾਂ। ਕਾਬਜ਼ ਕਾਸ਼ਤਕਾਰ ਵੀ ਖੁਦ ਹਾਂ। ਸਾਡੇ ਨਾਮ ਇੰਤਕਾਲ ਤਬਦੀਲ ਹੋਵੇ। ਲਉ ਜੀ ਤਲਬੀਆਂ ਇਤਲਾਹਾਂ, ਰਿਕਾਰਡ, ਬਹਿਸਾਂ ਸਭ ਹੋ ਗਈਆਂ। ਚਾਰ ਸਾਲ ਮੁਕੱਦਮੇ ਦੀ ਕਾਰਵਾਈ ਚੱਲੀ। ਫੈਸਲੇ ਦੀ ਤਰੀਕ ਆਈ ਤਾਂ ਫੈਸਲਾ ਸਾਡੇ ਖਿਆਫ। ਇੰਤਕਾਲ ਤਬਦੀਲ ਨਹੀਂ ਹੋ ਸਕਦਾ। ਅਸੀਂ ਲਾਹੌਰ ਹਾਈਕੋਰਟ ਵਿਚ ਅਪੀਲ ਦਾਇਰ ਕਰ ਦਿੱਤੀ। ਤਿੰਨ ਚਾਰ ਸਾਲ ਉਥੇ ਸੁਣਵਾਈ ਹੁੰਦੀ ਰਹੀ। ਜਜਮੈਂਟ ਹੋਈ, ਇੰਤਕਾਲ ਤਬਦੀਲ ਨਹੀਂ ਹੋ ਸਕਦਾ। ਅਪੀਲ ਖਾਰਜ ਦਾਖ਼ਲ

ਦਫਤਰ। ਅਸੀਂ ਜੀ ਸੁਪਰੀਮ ਕੋਰਟ ਇਸਲਾਮਾਬਾਦ ਅਪੀਲ ਦਾਇਰ ਕੀਤੀ। ਤਿੰਨ ਸਾਲ ਸੁਣਵਾਈ ਹੋਈ। ਅਖੀਰ ਜਦੋਂ ਫੈਸਲਾ ਸੁਣਾਉਣ ਦਾ ਵਕਤ ਆਇਆ ਤਾਂ ਬੈਂਚ ਨੇ ਕਿਹਾ- ਆਪਣੇ ਪੰਜ ਚਾਰ ਮੁਹਤਬਰ ਬੰਦੇ ਲੈ ਕੇ ਆਉਣਾ। ਵਕੀਲਾਂ ਨੂੰ ਨਹੀਂ ਲਿਆਉਣਾ। ਕੋਈ ਜਰੂਰੀ ਗੱਲ ਕਰਨੀ ਹੈ। ਅਸੀਂ ਪੁਛਿਆ ਜੀ ਕੀ ਗੱਲ ਕਰਨੀ ਹੈ, ਰਤਾ ਦੱਸੋ ਤਾਂ ਕਿ ਤਿਆਰੀ ਕਰਕੇ ਆਈਏ। ਆਪਸ ਵਿਚ ਸਲਾਹ ਜੋ ਕਰਨੀ ਹੋਈ। ਸਾਂਝਾ ਕੰਮ ਹੈ। ਜੱਜਾਂ ਨੇ ਕਿਹਾ- ਤੁਸੀਂ ਇਹ ਮੁਕੱਦਮਾ ਕਰਕੇ ਚੰਗਾ ਕੰਮ ਨਹੀਂ ਕੀਤਾ। ਇਹ ਦਸਣਾ ਹੈ। ਮਹੀਨਾ ਤਾਰੀਕ ਪਾ ਦਿੱਤੀ।

ਪਿੰਡਾਂ ਦੇ ਆਪਣੇ-ਆਪਣੇ ਇਕੱਠ ਹੋਏ। ਫਿਰ ਸਾਂਝੇ ਇਕੱਠ ਹੋਏ। ਅੱਠ ਬੰਦੇ ਚੁਣੇ ਗਏ ਜਿਹੜੇ ਬੈਂਚ ਨਾਲ ਗੱਲ ਕਰਨ ਅਦਾਲਤ ਜਾਣਗੇ। ਤਰੀਕ ਆ ਗਈ। ਸੈਂਕੜੇ ਬੰਦੇ ਅਦਾਲਤ ਦੇ ਬਾਹਰ ਪੁੱਜ ਗਏ। ਸਾਡੀ ਵਾਰੀ ਆਈ ਤਾਂ ਅੰਦਰ ਦਾਖਲ ਹੋਏ। ਇਕ ਮੈਂ ਵੀ ਸਾਂ। ਜੱਜਾਂ ਨੇ ਇੱਕ ਘੰਟੇ ਲਈ ਅਦਾਲਤ ਮੁਲਤਵੀ ਕਰ ਦਿੱਤੀ। ਸਾਨੂੰ ਪਿਛਲੇ ਕਮਰੇ ਵਿਚ ਲੈ ਗਏ। ਚਾਹ ਪਾਣੀ ਮੰਗਵਾ ਲਿਆ। ਫਿਰ ਗੱਲ ਤੋਰੀ। ਜੱਜ ਸਾਹਿਬਾਨ ਨੇ ਕਿਹਾ- ਅਸੀਂ ਬੜੀ ਬਾਰੀਕੀ ਨਾਲ ਇਹ ਕੇਸ ਦੇਖਿਆ ਹੈ। ਤੁਸੀਂ ਗਲਤ ਕੰਮ ਛੇੜ ਬੈਠੇ। ਜਿਨ੍ਹਾਂ ਫਕੀਰਾਂ ਉਪਰ ਮੁਕੱਦਮੇ ਦਾਇਰ ਕੀਤੇ ਉਨ੍ਹਾਂ ਤੋਂ ਮੁਰਾਦਾਂ ਮੰਗਦੇ ਤਾਂ ਠੀਕ ਸੀ। ਉਹ ਨੇਕਬਖ਼ਤ ਇਨਸਾਨ ਜਿਨ੍ਹਾਂ ਦੀ ਬਦੌਲਤ ਤੁਸੀਂ ਦੁਨੀਆਂ ਦੀ ਰੋਸ਼ਨੀ ਦੇਖੀ, ਤੁਸੀਂ ਉਨ੍ਹਾਂ ਉਪਰ ਮੁਕੱਦਮੇ ਕੀਤੇ। ਦਿਮਾਗ ਹੱਲ ਜਾਣ ਵਰਗੇ ਬਦ ਇਲਜ਼ਾਮ ਲਾਏ। ਸਰਦਾਰ ਰਾਇ ਬੁਲਾਰ ਖਾਨ ਸਾਹਿਬ ਦਾ ਦਿਮਾਗ ਅੱਧਾ ਤਾਂ ਕਾਇਮ ਰਿਹਾ ਜੋ ਅੱਧੀ ਜ਼ਮੀਨ ਬਚਾ ਲਈ। ਜਿਸ ਫਕੀਰ ਦੇ ਨਾਮ ਅੱਧੀ ਜ਼ਮੀਨ ਦਾ ਇੰਤਕਾਲ ਕਰਵਾਇਆ ਉਸ ਦਾ ਦਿਮਾਗ ਤਾਂ ਪੂਰਾ ਹੱਲ ਗਿਆ ਸੀ ਕਿਉਂਕਿ ਉਸ ਨੇ ਕਦੇ ਇਸ ਜ਼ਮੀਨ ਵਲ ਦੇਖਿਆ ਭੀ ਨਹੀਂ। ਉਸ ਦੀ ਔਲਾਦ ਨੇ ਇਸ ਉਪਰ ਹੱਕ ਨਹੀਂ ਜਮਾਇਆ। ਸਿੱਖਾਂ ਨੇ ਕਦੀ ਨਾ ਇਹ ਜ਼ਮੀਨ ਰੋਕੀ, ਨਾ ਦਾਅਵੇ ਅਦਾਲਤਾਂ ਵਿਚ ਕੀਤੇ। ਤੁਸੀਂ ਇਸ ਉਪਰ ਪੁਸ਼ਤਾਂ ਤੋਂ ਨਜਾਇਜ਼ ਕਬਜ਼ੇ ਕੀਤੇ ਹੋਏ ਹਨ, ਹੁਣ ਅਦਾਲਤਾਂ ਵਿਚ ਦਾਅਵੇ ਕੀਤੇ। ਦਸ ਬਾਰਾਂ ਸਾਲਾਂ ਤੋਂ ਤੁਸੀਂ ਵੱਡਿਆਂ ਦੀ ਬੇਅਦਬੀ ਕਰਦੇ ਆਏ ਹੋ, ਕਿਸੇ ਨੇ ਅਕਲ ਨਹੀਂ ਦਿੱਤੀ ਕਿ ਗੁਨਾਹ ਨਾ ਕਰੋ? ਜ਼ਮੀਨਾਂ ਤੋਂ ਵਧੀਕ ਉਹ ਤੁਹਾਨੂੰ ਪਿਆਰ ਕਰਦੇ ਸਨ। ਤੁਸੀਂ ਉਨ੍ਹਾਂ ਦਰਵੇਸਾਂ ਨੂੰ ਨਫ਼ਰਤ ਕਰਦੇ ਹੋ ਤੇ ਜ਼ਮੀਨਾਂ ਨਾਲ ਪਿਆਰ ਪਾ ਲਿਆ। ਤੁਹਾਡੇ ਕੋਲ ਹੀ ਰਹੇਗੀ ਜ਼ਮੀਨ। ਮੁਕੱਦਮਾ ਨਾ ਕਰਦੇ ਤਾਂ ਠੀਕ ਹੁੰਦਾ।

ਅਸੀਂ ਕਿਹਾ, ਜੀ ਜ਼ਮੀਨ ਸਾਡੇ ਈ ਕਬਜ਼ੇ ਵਿਚ ਹੈ ਪਰ ਰਿਕਾਰਡ ਮਾਲ ਵਿਚ ਸਾਡਾ ਨਾਮ ਨਹੀਂ।

ਜੱਜਾਂ ਨੇ ਕਿਹਾ- ਨਾਮ ਨਹੀਂ ਰਹੇਗਾ। ਨਾ ਤੁਹਾਡਾ ਨਾ ਸਾਡਾ। ਨਾਮ ਰਹੇਗਾ ਅੱਲਾਹ ਪਰਵਰਦਗਾਰ ਦਾ। ਨਾਮ ਰਹੇਗਾ ਉਸ ਦੀ ਬੰਦਗੀ ਕਰਨ ਵਾਲਿਆਂ ਦਰਵੇਸਾਂ ਦਾ। ਉਹ ਜਿਹੜੇ ਚੰਦ ਤਾਰਿਆਂ ਦੇ ਮਾਲਕ ਹਨ ਉਹੀ ਰਹਿਣਗੇ, ਹੋਰ ਨਹੀਂ ਰਹੇਗਾ ਕੋਈ। ਸਾਡੀ ਤੁਹਾਨੂੰ ਇਹ ਸਲਾਹ ਹੈ ਕਿ ਮੁਕੱਦਮਾ ਵਾਪਸ ਲੈ ਲਉ। ਅਸੀ ਕਿਹਾ, ਜੀ ਬਾਹਰ ਸਾਡਾ ਭਾਈਚਾਰਾ ਖਲੋਤਾ ਹੈ। ਉਸ ਨਾਲ ਸਲਾਹ ਕਰ ਲਈਏ। ਜੱਜਾਂ ਨੇ ਕਿਹਾ- ਜ਼ਰੂਰ ਕਰੋ। ਹੁਣ ਸਾਢੇ ਗਿਆਰਾਂ ਵੱਜੇ ਹਨ। ਸ਼ਾਮੀਂ ਚਾਰ ਵਜੇ ਤਕ ਸਲਾਹ ਕਰ ਲਉ। ਜੇ ਮੁਕੱਦਮਾ ਵਾਪਸ ਨਾ ਲਿਆ ਤਾਂ ਫਿਰ ਅਸੀ ਫੈਸਲਾ ਸੁਣਾ ਦਿਆਂਗੇ। ਅਦਾਲਤ ਤੋਂ ਬਾਹਰ ਤੁਹਾਨੂੰ ਅਸੀ ਇਹ ਇਕ ਸਲਾਹ ਦਿੱਤੀ ਹੈ। ਇਹ ਸਲਾਹ ਮੰਨਣ ਦੇ ਤੁਸੀ ਪਾਬੰਦ ਨਹੀ। ਫੈਸਲਾ ਸ਼ਾਮੀ ਸੁਣਾਵਾਂਗੇ

ਅਸੀਂ ਬਾਹਰ ਆ ਗਏ। ਭਾਈਚਾਰਾ ਉਡੀਕ ਰਿਹਾ ਸੀ। ਸਾਰੀ ਗੱਲ ਦੱਸੀ। ਸੋਚਣ ਵਿਚਾਰਨ ਲੱਗੇ। ਦਿਮਾਗ ਰਿੜਕੇ। ਅਖੀਰ ਵਿਚ ਫੈਸਲਾ ਹੁਇਆ ਕਿ ਦੋਹਾਂ ਵਿਚੋਂ ਇਕ ਦੀ ਚੋਣ ਕਰਨੀ ਹੈ। ਅਪੀਲ ਵਾਪਸ ਲੈਣੀ ਹੈ ਕਿ ਮੁਕੱਦਮਾ ਹਾਰਨ ਦੀ ਜੱਜਮੈਂਟ ਲੈਣੀ ਹੈ। ਜੱਜਾਂ ਦੀਆਂ ਗੱਲਾਂ ਤੋਂ ਦਿੱਸ ਗਿਆ ਸੀ ਕਿ ਜਿੱਤਣ ਦਾ ਸਵਾਲ ਨਹੀਂ ਪੈਦਾ ਹੁੰਦਾ। ਅਸਾਂ ਸਾਰਿਆਂ ਨੇ ਮੁਕੱਦਮਾ ਵਾਪਸ ਲੈਣ ਦਾ ਫੈਸਲਾ ਕੀਤਾ। ਸ਼ਾਮੀ ਚਾਰ ਵਜੇ ਵਕੀਲਾਂ ਸਣੇ ਹਾਜ਼ਰ ਹੋ ਕੇ ਅਪੀਲ ਵਾਪਸ ਲੈ ਲਈ। ਅਸੀਂ ਬਚ ਗਏ ਸਰਦਾਰ ਜੀ। ਅਪੀਲ ਵਾਪਸ ਨਾ ਲੈਂਦੇ ਤਾਂ ਹਾਰਨਾ ਸੀ। ਦੁਨੀਆਂ ਵੀ ਜਾਣੀ ਸੀ ਦੀਨ ਵੀ। ਹੁਣ

ਦੋਵੇਂ ਬਚ ਗਏ। ਅਗਲੀ ਦਰਗਾਹ ਵਿਚ ਇਨ੍ਹਾਂ ਦਰਵੇਸ਼ਾਂ ਸਾਹਮਣੇ ਖਲੋ ਕੇ ਗੁਨਾਹਾਂ ਦੀ ਮੁਆਫੀ ਮੰਗਣ ਜੋਗੇ ਰਹਿ ਗਏ। ਉਹ ਬੜੇ ਰਹਿਮਦਿਲ ਹਨ ਜੀ। ਆਪਣੀ ਔਲਾਦ ਦੀਆਂ ਗਲਤੀਆਂ ਮਾਪੇ ਬਖਸ਼ ਦਿਆ ਕਰਦੇ ਹਨ। ਦੇਖੋ ਭਰਾ ਜੀ ਕਿੰਨੀਆਂ ਤਾਕਤਾਂ ਦੇ ਮਾਲਕ ਹਨ ਹਜ਼ਰਤ ਬਾਬਾ ਨਾਨਕ। ਸਦੀਆਂ ਬੀਤ ਗਈਆਂ ਪਰ ਨੇਕੀ ਕਰਨ ਦਾ ਹੁਕਮ ਅਜੇ ਕਿਸੇ ਨਾ ਕਿਸੇ ਜ਼ਰੀਏ ਪੁਚਾ ਰਹੇ ਹਨ। ਸੁਪਰੀਮ ਕੋਰਟ ਨੂੰ ਕਿਹਾ ਕਿ ਇਨ੍ਹਾਂ ਨੂੰ ਗਲਤ ਰਸਤੇ ਭਟਕਣ ਤੋਂ ਰੋਕ। ਸੁਪਰੀਮ ਕੋਰਟ ਨੇ ਰੋਕਿਆ। ਬਾਬਾ ਜੀ ਨੇ ਸੁਪਰੀਮ ਕੋਰਟ ਤੋਂ ਸਾਡੀ ਹੱਤਕ ਨਹੀਂ ਕਰਵਾਈ। ਵਰਜਿਆ ਵੀ। ਇੱਜ਼ਤ ਵੀ ਰੱਖੀ। ਉਸ ਦੇ ਨਾਮ ਨੂੰ ਲੱਖ ਸਲਾਮ। ਅੱਜ ਵੀ ਮਾਲ ਰਿਕਾਰਡ ਅਨੁਸਾਰ ਇਹਨਾਂ ਮੁਰੱਬਿਆਂ ਵਿਚ ਗੁਰੂ ਬਾਬਾ ਨਾਨਕ ਖੇਤੀ ਕਰਦਾ ਹੈ।

ਇਹ ਨਿਕੀ ਜਿਹੀ ਸੰਗਤ ਬਹੁਤ ਪਿਆਰ ਨਾਲ ਗੁਰੂ ਬਾਬੇ ਦੇ ਜਸ ਗਾਉਂਦੀ ਉਠੀ। ਮੈਂ ਵਾਪਸ ਗੁਰਦੁਆਰੇ ਪੁੱਜਾ। ਪੰਜਵੀਂ ਵਿਚ ਪੜ੍ਹਦਾ ਛੋਟਾ ਬੇਟਾ ਸੁਖਨਬੀਰ ਕਹਿਣ ਲੱਗਾ- ਕਿਥੇ ਚਲੇ ਗਏ ਸੀ? ਘੰਟੇ ਦੇ ਉਡੀਕੀ ਜਾਂਦੇ ਹਾਂ। ਦੱਸਿਆ ਨੀਂ ਸੀ ਕਿ ਜੋੜੇ ਖਰੀਦਣ ਚੱਲਾਂਗੇ? ਬਹੁਤ ਸੁਹਣੇ ਅਤੇ ਹੰਢਣਸਾਰ ਹਨ ਇਥੋਂ ਦੇ ਜੋੜੇ। ਮੈਂ ਕਿਹਾ- ਚੰਗੀਆਂ ਗੱਲਾਂ ਸੁਣ ਕੇ ਆਇਆ ਹਾਂ। ਵੱਡੇ ਸਤਵੀਂ ਦੇ ਵਿਦਿਆਰਥੀ ਹੁਸਨਬੀਰ ਨੇ ਕਿਹਾ- ਜਿਥੇ ਜਾਵਾਂਗੇ ਚੰਗੀਆਂ ਗੱਲਾਂ ਸੁਣਨ ਨੂੰ ਮਿਲਣਗੀਆਂ। ਇਹ ਬਾਬੇ ਦਾ ਦੇਸ ਹੈ ਨਾ। ਚਲੋ ਬਜਾਰ ਚੱਲੀਏ।

ਵੱਡੀ ਸਾਰੀ ਦੁਕਾਨ ਅੰਦਰ ਦਾਖਲ ਹੋਏ। ਬੱਚੇ ਜੁੱਤੀਆਂ ਪਸੰਦ ਕਰਨ ਲਗੇ। ਮੈਂ ਮੋਚੀ ਨਾਲ ਗੱਲੀਂ ਲੱਗ ਗਿਆ। ਪੁਛਿਆ- ਹਿੰਦੁਸਤਾਨ ਵਿਚੋਂ ਚਾਰ ਕੁ ਵਾਰੀ ਜਥੇ ਆਉਂਦੇ ਹਨ। ਅਗੋਂ ਪਿਛੋਂ ਤੁਹਾਡਾ ਕਾਰੋਬਾਰ ਕਿਵੇਂ ਚੱਲਦਾ ਹੈ? ਉਹ ਬੋਲਿਆ- ਜੀ ਵਧੀਕ ਰੌਣਕ ਤਾਂ ਤੁਹਾਡੇ ਆਉਣ ਨਾਲ ਹੀ ਹੁੰਦੀ ਹੈ ਪਰ ਸਾਰੀ ਦੁਨੀਆਂ ਵਿਚੋਂ ਸਿੱਖਾਂ ਦੇ ਕਾਫਲੇ ਆਉਂਦੇ ਈ ਰਹਿੰਦੇ ਹਨ। ਬੜੇ ਧਨਾਢ ਆਉਂਦੇ ਹਨ ਜੀ। ਕਈ ਤਾਂ ਆਪਣਾ ਜਹਾਜ਼ ਹੀ ਲੈ ਆਉਂਦੇ ਨੇ। ਲੰਮੀਆਂ ਲੰਮੀਆਂ ਲਿਸ਼ਕਾਰੇ ਮਾਰਦੀਆਂ ਕਾਰਾਂ ਦੇ ਕਾਫਲੇ ਉਤਰਦੇ ਹਨ। ਪਰਿਵਾਰਾਂ ਦੇ ਪਰਿਵਾਰ ਆਉਂਦੇ ਹਨ। ਕੋਈ ਮਹੀਨਾ ਮਹੀਨਾ ਕੋਈ ਦੋ ਦੋ ਮਹੀਨੇ ਭੀ ਰਹਿੰਦੇ ਹਨ। ਮੈਂ ਪੁਛਿਆ ਤੁਸੀਂ ਤਾਂ ਸਾਰਿਆਂ ਦੇਸਾਂ ਦੇ ਕਾਫਲੇ ਦੇਖੇ ਹਨ, ਸਾਡੇ ਹਿੰਦੁਸਤਾਨੀ ਸਿੱਖਾਂ ਵਰਗੇ ਸਿਦਕਵਾਨ ਹਨ ਉਹ ਵੀ ਕਿ ਕੋਈ ਫਰਕ ਲੱਗਾ। ਮੋਚੀ ਬੋਲਿਆ- ਫਰਕ ਹੈ। ਇਥੇ ਜਿੰਨਾ ਸਮਾਂ ਰਹਿੰਦੇ ਹਨ ਉਹ ਪੈਰੀਂ ਜੁੱਤੀ ਨਹੀਂ ਪਾਉਂਦੇ। ਨੰਗੇ ਪੈਰੀਂ ਘੁੰਮਦੇ ਹਨ। ਆਖਦੇ ਹਨ- ਸਾਡੇ ਬਾਬੇ ਦੀ ਧਰਤੀ ਹੈ। ਲੱਖ ਸੁਰਗਾਂ ਤੋਂ ਉਤਮ। ਤੁਸੀਂ ਜੋੜੇ ਪਹਿਨੇ ਹੋਏ ਹਨ, ਹੋਰ ਜੋੜੇ ਲੈਣੇ ਹਨ। ਉਹ ਨੰਗੇ ਪੈਰੀਂ ਫਿਰਦੇ ਹਨ ਨਨਕਾਣਾ ਸਾਹਿਬ ਵਿਚ। ਆਪਣੇ ਕਾਰੋਬਾਰ ਖਿਲਾਫ਼ ਗੱਲਾਂ ਕਰ ਰਿਹਾ ਹਾਂ ਸਰਦਾਰ ਜੀ ਪਰ ਪੀਰਾਂ ਦੇ ਪੀਰ ਦੀ ਰਹਿਮਤ ਬੇਅੰਤ ਹੈ। ਚਾਰ ਪੈਸਿਆਂ ਕਰਕੇ ਝੂਠ ਕਿਉਂ ਬੋਲਾਂ। ਗੁਰੂ ਨਾਨਕ ਸਾਹਿਬ ਬਾਬਾ-ਇ-ਆਲਮ ਬੁੱਕਾਂ ਭਰ ਭਰ ਆਪ ਦੇਈ ਜਾਂਦਾ ਹੈ ਸਾਨੂੰ ਅਸ਼ਰਫੀਆਂ।

ਕਲਮ-ਦਵਾਤ ਲੈ ਕੇ ਅੱਜ ਮੇਰੀ ਥਾਂ ਜੇ ਪੁਰਾਣਾ ਸਾਖੀਕਾਰ ਬੈਠਾ ਹੁੰਦਾ ਤਦ ਆਖਰੀ ਸ਼ਬਦ ਇਉਂ ਲਿਖਦਾ: ਰਾਇ ਬੁਲਾਰ ਜੀ ਕੀ ਸਾਖੀ ਸੰਪੂਰਨ ਹੋਈ ਗੁਰਪ੍ਰਸਾਦਿ ਨਾਲ। ਬੀਤੇ ਸਮਿਆਂ ਵਿਚ ਮਹਾਂਪੁਰਖਾਂ ਕੀ ਕਮਾਈ ਵੰਡੀ ਜਾਂਦੀ। ਘਰ ਜਮੀਨ ਕਟੁੰਬ ਕੈ ਨਾਮ। ਪੁੰਨ ਸੇਵਕਾਂ ਕੇ। ਪਾਪ ਨਿੰਦਕਾਂ ਕੇ। ਰਿਦੈ ਕਾ ਗਿਆਨ ਜੱਗਿਆਸੂਆਂ ਕਾ। ਗੁਰੂ ਬਾਬੇ ਕਾ ਸਾਰਾ ਕਿਛੁ ਸਗਲ ਸੰਸਾਰਾਂ ਕੇ ਨਾਮ। ਜਿਸ ਮਹਲ ਮਹਿ ਗੁਰੂ ਬਾਬੇ ਕਾ ਟਿਕਾਣਾ ਤਿਥੈ ਮਿਹਰਬਾਨੀ ਓ ਮਿਹਰਬਾਨੀ। ਹੋਰ ਕਿਛੁ ਨਹੀਂ। ਸਭ ਮੰਗਲ ਗਾਵਹੁ ਜੀ:

*ਹਰਖ ਅਨੰਤ ਸੋਗ ਨਹੀਂ ਬੀਆ।।*
*ਸੋ ਘਰਿ ਗੁਰਿ ਨਾਨਕ ਕਉ ਦੀਆ।।*

ਮ.5 ਗਉੜੀ, ਅੰਗ 186

ਬੋਲਹੁ ਜੀ ਵਾਹਿਗੁਰੂ ਵਾਹਿਗੁਰੂ। ਦਿਨ ਛਨਿਛਰ। ਤਰੀਕ ਸਤਾਈ। ਮਹੀਨਾ ਸਤੰਬਰ। ਸਾਲ ਦੋ ਹਜਾਰ ਤਿੰਨ। ਧੰਨ ਬਾਬਾ ਗੁਰੂ ਨਾਨਕ ਦੇਵ ਮਹਾਰਾਜ। ਧੰਨ ਉਸਕੇ ਸਿਖ।

*ਮੁਖੀ ਧਰਮ ਅਧਿਐਨ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ*

# ਪੱਤੀਆਂ ਤੋਂ ਲਾਲੀ ਤੱਕ

**ਬਾਵਾ ਬਲਵੰਤ:** ਪੁਸਤਕ 'ਰਾਗ ਤੇ ਰੰਗ ਦਾ ਨੂਰ' (ਸੰਪਾਦਕ ਡਾ. ਗੁਰਮੁਖ ਸਿੰਘ) 'ਚੋਂ ਧੰਨਵਾਦ ਸਹਿਤ

'ਰੰਗ ਲਾਤੀ ਹੈ ਹਿਨਾ'

ਵਿਸ਼ੇਸ਼ ਪੁਰਸ਼ਾਂ ਵਾਂਗ, ਸੰਸਾਰ ਵਿਚ ਕੁਝ ਇਸਤਰੀਆਂ ਵੀ ਆਪਣੀ ਹਿੰਮਤ, ਮਿਹਨਤ, ਸੱਚੀ ਤੇ ਪੱਕੀ ਲਗਨ ਦੁਆਰਾ ਦੁਨੀਆਂ ਨੂੰ ਹੈਰਾਨ ਕਰਨ ਵਾਲੇ ਕਾਰਨਾਮੇਂ ਕਰ ਜਾਂਦੀਆਂ ਹਨ।

ਮੁਸੀਬਤਾਂ ਉਨ੍ਹਾਂ ਦੇ ਰਾਹ ਰੋਕਦੀਆਂ ਹਨ। ਕੱਚੇ ਕੰਚਨ ਤੋਂ ਕੁੰਦਨ ਹੋਣ ਲਈ, ਮਜ਼ਬੂਰੀਆਂ ਤੇ ਤੰਗੀਆਂ ਦੀ ਭੱਠੀ ਵਿਚ ਉਨ੍ਹਾਂ ਨੂੰ ਗਲਣਾ ਪੈਂਦਾ ਹੈ। ਇਸ ਤਰ੍ਹਾਂ ਦੀਆਂ ਹਸਤੀਆਂ ਪਿਸਦੀਆਂ ਹਨ, ਪਰ ਮਹਿੰਦੀ ਪੱਤੀਆਂ ਵਾਂਗ ਆਖ਼ਰ, ਮਾਨਵਤਾ ਅਤੇ ਸਭਿਅਤਾ ਨੂੰ ਲਾਲੀ ਚਾੜ੍ਹ ਜਾਂਦੀਆਂ ਹਨ। ਇਕ ਦਿਨ ਐਸਾ ਆਉਂਦਾ ਹੈ ਕਿ ਇਹ ਜ਼ੱਰੇ, ਆਪਣੀ ਕਰਮ ਸ਼ਕਤੀ ਦੁਆਰਾ ਤਾਰਿਆਂ ਵਾਂਗ ਸਦਾ ਲਈ ਚਮਕਣ ਲੱਗ ਪੈਂਦੇ ਹਨ।

ਨਵੇਂ ਸੰਸਾਰ ਵਿਚ ਜਿੱਥੇ ਕਿ 'ਮੈਡਮ ਕਿਊਰੀ' ਆਪਣੀਆਂ ਵਿਗਿਆਨਕ ਕਾਢਾਂ ਦੁਆਰਾ ਅਮਰ ਹੋਈ ਹੈ ਉਥੇ 'ਆਇਸਾ ਡੌਰਾਡੰਕਨ' ਆਪਣੇ ਨਵੇਂ-ਨਵੇਂ ਨਾਚਾਂ ਰਾਹੀਂ ਅਮਰ ਪਦ ਪ੍ਰਾਪਤ ਕਰ ਚੁੱਕੀ ਹੈ। ਸ੍ਰੀਮਤੀ 'ਅੰਮ੍ਰਿਤਾ ਸ਼ੇਰ ਗਿੱਲ' ਆਪਣੇ ਚਿੱਤਰਾਂ ਤੇ 'ਮਹਾਂਦੇਵੀ ਵਰਮਾ' ਆਪਣੇ ਗੀਤਾਂ ਸਦਕਾ ਸਦਾ ਮਾਨਵਤਾ ਅਤੇ ਸੰਸਕ੍ਰਿਤੀ ਦਾ ਸਿਰ ਉੱਚਾ ਕਰਦੀਆਂ ਰਹਿਣਗੀਆਂ। ਇਸੇ ਤਰ੍ਹਾਂ ਦੀਆਂ ਮਹਾਨ ਇਸਤਰੀਆਂ ਵਿਚ ਸ੍ਰੀਮਤੀ 'ਏਲਨ ਜਾਇਸਾ' ਦਾ ਨਾਂ ਲਿਆ ਜਾ ਸਕਦਾ ਹੈ, ਜੋ ਸੰਗੀਤ ਦੇ ਮਹਾਂ ਮੰਡਲਾਂ ਵਿਚ ਹਮੇਸ਼ਾਂ ਪ੍ਰਕਾਸ਼ਮਾਨ ਰਹੇਗੀ।

ਉਸ ਦਾ ਪਿਤਾ ਸੋਨਾ ਲੱਭਣ ਦੇ ਲਾਲਚ ਵਿਚ ਸਭ ਕੁਝ ਗਵਾ ਬੈਠਾ। ਇਕੱਤਰ ਕੀਤੀ ਸਾਰੀ ਪੂੰਜੀ ਬਰਬਾਦ ਹੋ ਗਈ। ਹੁਣ ਸਾਰਾ ਖ਼ਾਨਦਾਨ ਇਕ ਤੰਬੂ ਵਿਚ ਰਹਿ ਰਿਹਾ ਸੀ ਤੇ ਹਰ ਪਾਸਿਓਂ ਗਰੀਬੀ ਨਾਲ ਘਿਰਿਆ ਹੋਇਆ ਸੀ। ਦਰਿਦ੍ਰਤਾ ਦੇ ਇਸ ਨਰਕ ਵਿਚ ਇਕ ਕਮਜ਼ੋਰ ਬੱਚੀ 'ਏਲਨ ਜਾਇਜ' ਦਾ ਜਨਮ ਹੋਇਆ। ਬੱਚੀ ਦਾ ਬਾਲਪਨ ਅਤਿ ਗਰੀਬੀ ਵਿਚ ਬਤੀਤ ਹੋਇਆ। ਕਦੀ ਕਦੀ ਰੋਟੀ ਤੇ ਦੁੱਧ ਲਈ ਲੋਕਾਂ ਦੇ ਦਿੱਤੇ ਉਪਹਾਰ ਖਿਡਾਉਣੇ ਆਦਿ ਵੀ ਵੇਚਣੇ ਪੈਂਦੇ। ਲਗਭਗ ਅੱਠ ਸਾਲ ਦੀ ਉਮਰ ਤੱਕ ਬੱਚੀ ਦੇ ਪੈਰਾਂ ਨੂੰ ਜੁੱਤੀ ਵੀ ਨਸੀਬ ਨਾ ਹੋਈ। ਆਸਟ੍ਰੇਲੀਆ ਦੇ 'ਤਸਮਿਆਨਾ' ਪ੍ਰਦੇਸ ਦੇ ਜੀਹਾਨ ਖੇਤਰ ਵਿਚ ਏਨੇ ਆਦਮੀ ਨਹੀਂ ਸਨ ਜਿੰਨੇ ਕਿ ਸੱਪ ਫਿਰਦੇ ਤੁਰਦੇ ਨਜ਼ਰ ਆਉਂਦੇ ਸਨ। ਨੀਰਸ ਤੇ ਖੁਸ਼ਕ ਵਾਤਾਵਰਨ, ਕਾਨਾਂ ਵਿਚ ਕੰਮ ਕਰਨ ਵਾਲਿਆਂ ਦੀਆਂ ਗੰਦੀਆਂ ਬਸਤੀਆਂ, ਇਥੇ ਸੰਗੀਤ ਦੀ ਰਸਧਾਰਾ ਸ਼ਰਾਬ ਖਾਨਿਆਂ ਤੇ ਕਾਹਵਾਖਾਨਿਆਂ ਵਿਚ ਹੀ ਵਗਿਆ ਕਰਦੀ ਸੀ। ਜੀਵਨ ਵਿਚ ਸ਼ਾਇਦ ਹੀ ਇਸ ਤਰ੍ਹਾਂ ਦੀ ਗਰੀਬੀ ਕਿਸੇ ਹੋਰ ਥਾਂ ਹੋਵੇ। ਏਲਨ ਪਰਿਵਾਰ ਨੂੰ ਆਪਣੇ ਚਾਚੇ ਦੇ ਹੋਟਲ ਵਿਚੋਂ ਸੁੱਟੀ ਗਈ ਜੂਠ ਨਾਲ ਢਿੱਡ ਭਰਨਾ ਪੈਂਦਾ ਸੀ। ਉਹ ਸਭ ਵਿਚਾਰੇ ਇਸੇ ਖੁਰਾਕ ਤੇ ਜੀਵਨ ਬਤੀਤ ਕਰ ਰਹੇ ਸਨ।

ਏਲਨ ਜਾਇਸ ਨੇ ਜਦ ਆਪਣੇ ਚਾਚੇ ਦੇ ਹੋਟਲ ਵਿਚ ਪਹਿਲੀ ਵਾਰ ਪਿਆਨੋ ਵੇਖਿਆ ਤਾਂ ਉਹ ਹੈਰਾਨ ਰਹਿ ਗਈ। ਸੰਗੀਤ ਦੀ ਮੋਹਿਕ ਆਵਾਜ਼ ਨੇ ਉਸ ਦੇ ਮਨ ਨੂੰ ਮੋਹ ਲਿਆ ਤੇ ਉਸ ਦੀ ਆਤਮਾ ਦੇ ਤਾਰ ਸਦਾ ਲਈ ਮੀਂਡ ਦੀ ਤਰ੍ਹਾਂ ਗੂੰਜਣ ਲਗ ਪਏ ਤੇ ਇਕ ਸਦੀਵੀ ਹਰਕਤ ਸਦਾ ਲਈ ਉਨ੍ਹਾਂ ਤਾਰਾਂ ਵਿਚ ਸਮਾ ਗਈ।

ਗਰੀਬੀ ਦੀ ਉਦਾਸ ਤੇ ਕਾਲੀ ਰਾਤ ਨੇ ਉਸ ਨੂੰ ਚਹੁੰ ਪਾਸਿਆਂ ਤੋਂ ਗਰੱਸਿਆ ਹੋਇਆ ਸੀ। ਦਿਨ ਦਾ ਉਜਾਲਾ ਪਤਾ ਨਹੀਂ ਕਿਨ੍ਹਾਂ ਹਨੇਰਿਆਂ ਵਿਚ ਅਲੋਪ ਸੀ। ਉਹ ਅਤਿ ਕਾਲੇ ਭਵਿਖਤ ਤੋਂ ਬਿਨਾਂ ਹੋਰ ਕੋਈ ਵੀ ਕਲਪਨਾ ਨਹੀਂ ਕਰ ਸਕਦੀ ਸੀ। ਉਸ ਨੂੰ ਕਦੇ ਸੁਪਨਾ ਵੀ ਨਹੀਂ ਆਇਆ ਹੋਵੇਗਾ ਕਿ ਇਕ ਦਿਨ ਉਹ ਸੰਸਾਰ ਪ੍ਰਸਿੱਧ ਪਿਆਨੋ-ਵਾਦਨ ਬਣ ਕੇ ਸ਼ੋਭਾ ਖੱਟੇਗੀ ਤੇ ਦੌਲਤ ਉਸ ਦੇ ਪੈਰ ਚੁੰਮਿਆਂ ਕਰੇਗੀ।

ਉਸ ਦੇ ਦਿਲ ਵਿਚ ਪਿਆਨੋ ਲੈਣ ਦੀ ਉਮੰਗ ਜਾਗ ਉੱਠੀ, ਪਰ ਮਜ਼ਬੂਰੀਆਂ ਦੀ ਖਾਈ ਉਸ ਵਿਚ ਹਾਇਲ ਸੀ। ਆਖ਼ਰ ਉਸ ਨੇ ਆਪਣੇ ਸ਼ੌਕ ਨੂੰ ਪੂਰਾ ਕਰਨ ਲਈ ਇਕ ਦੂਸਰਾ ਹੀ ਰਸਤਾ ਲੱਭਾ। ਉਸਨੇ ਇਕ ਰੁਪਏ, ਦੋ ਰੁਪਏ ਵਾਲਾ ਵਾਜਾ ਖਰੀਦ ਲਿਆ ਤੇ ਹੌਲੀ-ਹੌਲੀ ਵਜਾਉਣਾ ਸਿਖਦੀ ਰਹੀ। ਸੰਗੀਤ ਦੀਆਂ ਕੁਝ ਤਰਜ਼ਾਂ ਉਸਨੇ ਪਕਾਈਆਂ ਤੇ ਮਜ਼ਦੂਰ ਬਸਤੀਆਂ ਵਿਚ ਜਾ ਕੇ ਉਹ ਥੱਕੇ ਹਾਰੇ ਮਿਹਨਤੀਆਂ ਦਾ ਮਨੋਰੰਜਨ ਕਰਨ ਲਗ ਪਈ। ਉਹ

ਹੋਟਲਾਂ ਤੇ ਕਾਹਵਾ-ਖ਼ਾਨਿਆਂ ਤੋਂ ਬਾਹਰ ਹੀ ਆਪਣੇ ਸੰਗੀਤ ਨਾਲ ਇਕ ਬਹਾਰ ਦਾ ਸਮਾਂ ਬੰਨ੍ਹਣ ਲਗ ਪਈ ਤੇ ਕੋਝੇ ਵਾਤਾਵਰਨ ਨੂੰ ਸੰਗੀਤਮਈ ਬਣਾਉਣ ਲਗ ਪਈ।

ਇਸ ਤਰ੍ਹਾਂ ਉਸਨੂੰ ਕੁਝ ਪੈਸੇ ਮਿਲਣ ਲਗ ਪਏ। ਇਕ ਦਿਨ ਅਜਿਹਾ ਆਇਆ ਕਿ ਉਹ ਪਿਆਨੋ-ਸੰਗੀਤਸ਼ਾਲਾ ਵਿਚ ਦਾਖਲ ਹੋ ਗਈ ਤੇ ਫੀਸ ਦੇ ਪੈਸੇ ਉਹ ਸੜਕਾਂ ਤੇ ਸੰਗੀਤ ਵਰਸ਼ਾ ਕਰ ਕੇ ਇਕੱਠਿਆਂ ਕਰਦੀ ਰਹੀ।

ਪਿਆਰੀ ਪੁੱਤਰੀ ਦੀ ਇਹ ਡੁੱਲ੍ਹ-ਡੁੱਲ੍ਹ ਪੈਂਦੀ ਲਾਲਸਾ ਵੇਖ ਕੇ ਪਿਤਾ ਦਾ ਦਿਲ ਭਰ ਆਇਆ। ਉਸਨੇ ਏਧਰ ਉਧਰ ਹੱਥ ਪੈਰ ਮਾਰੇ ਤੇ ਮੁਸ਼ਕਲ ਨਾਲ ਇਕ ਪੌਂਡ ਇਕੱਠਾ ਕੀਤਾ। ਆਖ਼ਰ ਉਸਦੇ ਜਨਮ ਦਿਨ ਤੇ ਚਾਚੇ ਦੇ ਹੋਟਲ ਵਾਲਾ ਪੁਰਾਣਾ ਪਿਆਨੋ ਉਸ ਨੂੰ ਲੈ ਦਿੱਤਾ। ਟੁੱਟੇ ਭੱਜੇ ਇਸ ਪਿਆਨੋ ਨੂੰ ਲੈ ਕੇ ਉਹ ਏਨਾ ਖੁਸ਼ ਹੋਈ ਕਿ ਜਿਵੇਂ ਉਸਨੂੰ ਸਾਰੀ ਦੁਨੀਆਂ ਦੀ ਦੌਲਤ ਮਿਲ ਗਈ ਹੋਵੇ। ਹੁਣ ਉਹ ਬੜੀ ਲਗਨ ਨਾਲ ਪਿਆਨੋ ਸਿੱਖਣ ਲਗੀ ਤੇ ਰਾਤ ਨੂੰ ਉਹ ਕਈ ਘੰਟੇ ਅਭਿਆਸ ਕਰਦੀ ਰਹਿੰਦੀ। ਬਸ ਇਸ ਦਿਨ ਤੋਂ ਜਾਇਸ ਦਾ ਜੀਵਨ, ਸੰਗੀਤ ਸਾਧਨਾ ਲਈ ਹੀ ਅਰਪਨ ਹੋ ਗਿਆ-

ਕਿਸ ਤਰ੍ਹਾਂ ਪੂਰਨ ਹੁਨਰ ਦਰਸ਼ਨ ਦਏ,
ਜ਼ਿੰਦਗਾਨੀ ਉਸ ਦੇ ਜੇ ਅਰਪਨ ਨਹੀਂ।"

ਕਾਨਵੈਂਟ ਵਿਚ ਪ੍ਰਵੇਸ਼ ਕਰਕੇ ਉਹ ਸੰਗੀਤ ਦੀ ਪ੍ਰਾਰੰਭਿਕ ਪਰੀਖਿਆ ਦੀ ਤਿਆਰੀ ਕਰਨ ਲੱਗ ਪਈ। ਉਸਨੇ ਸ਼ੁਰੂ ਦੀ ਸਿੱਖਿਆ ਛੇਤੀ ਹੀ ਸਮਾਪਤ ਕਰ ਲਈ ਅਤੇ ਉਸ ਵਿਚੋਂ ਚੰਗੀ ਕਾਮਯਾਬੀ ਨਾਲ ਪਾਸ ਹੋਈ। ਇਸ ਤੋਂ ਬਾਅਦ ਉਹ ਉੱਚੀ ਪ੍ਰੀਖਿਆ ਲਈ ਰਾਤ ਦਿਨ ਤਿਆਰੀ ਕਰਨ ਲੱਗ ਪਈ। ਛੋਟੀ ਉਮਰ ਵਿਚ ਹੀ ਉਸਨੇ 'ਇੰਟਰਮੀਡਿਅਟ' ਸਫਲਤਾ ਨਾਲ ਪਾਸ ਕੀਤੀ। ਉਸ ਦੀ ਇਹ ਕਾਮਯਾਬੀ ਦੇਖਕੇ ਸਾਰੇ ਦੰਗ ਰਹਿ ਗਏ।

ਜਾਇਸ ਦੀ ਇਸ ਪ੍ਰਤਿਭਾ ਨੇ ਕਾਨਕੂਨਾਂ ਦਾ ਮਨ ਹਰ ਲਿਆ। ਹੁਣ ਉਹ ਉਸ ਦੀ ਸੰਗੀਤ ਸਿੱਖਿਆ ਵਿਚ ਰੁਚੀ ਲੈਣ ਲੱਗੇ ਤੇ ਯਥਾ ਯੋਗ ਉਸ ਦੀ ਆਰਥਿਕ ਇਮਦਾਦ ਵੀ ਕਰਨ ਲੱਗੇ। ਲੋਰੇਟੋ ਸਕੂਲ ਵਿਚ ਉਹ ਦੋ ਸਾਲ ਸਿੱਖਿਆ ਪ੍ਰਾਪਤ ਕਰਦੀ ਰਹੀ। ਇਨ੍ਹਾਂ ਦਿਨਾਂ ਵਿਚ ਵਿਚ ਹੀ 'ਪਰਸੀਗਰੇਜ਼ਰ' ਨੇ ਉਸ ਨੂੰ ਸੁਣਿਆ ਉਹ ਏਲਨ ਜਾਇਸ ਦੇ ਸੰਗੀਤ ਤੋਂ ਬਹੁਤ ਹੀ ਪ੍ਰਭਾਵਿਤ ਹੋਇਆ ਤੇ ਏਨਾ ਖੁਸ਼ ਹੋਇਆ ਜਿਵੇਂ ਉਸਨੂੰ ਖਾਕ 'ਚੋਂ ਲਾਲ ਲੱਭ ਪਿਆ ਹੋਵੇ। ਆਪਣੇ ਪ੍ਰੋਗਰਾਮ ਦੀ ਸਮਾਪਤੀ ਤੋਂ ਬਾਅਦ ਉਸ ਨੇ ਸਮਾਚਾਰ ਪੱਤਰਾਂ ਵਿਚ ਆਪਣਾ ਇਕ ਬਿਆਨ ਦਿੱਤਾ ਕਿ ਏਨੀ ਛੋਟੀ ਉਮਰ ਦੀ, ਏਨੀ ਵੱਡੀ ਕਲਾਕਾਰ ਉਸਨੇ ਅਜੇ ਤੱਕ ਨਹੀਂ ਵੇਖੀ ਸੀ। ਉਸ ਨੇ ਇਹ ਸੁਝਾਅ ਦਿੱਤਾ ਕਿ ਏਲਨ ਨੂੰ ਸੰਗੀਤ ਦੀ ਹੋਰ ਉੱਚੀ ਸਿੱਖਿਆ ਲਈ ਅਮਰੀਕਾ ਜਾਣਾ ਚਾਹੀਦਾ ਹੈ।

ਹੁਣ ਮਜ਼ਦੂਰਾਂ ਦੀ ਇਹ 'ਕੋਇਲ' ਉਨ੍ਹਾਂ ਲਈ ਇਕ ਮਾਣ ਦੀ ਵਸਤੂ ਬਣ ਗਈ। ਸ਼ਾਇਦ ਉਸਦੇ ਚੰਗੇ ਦਿਨ ਸਨ ਤੇ ਕੁਦਰਤ ਵੀ ਉਸਦਾ ਸਾਥ ਦੇ ਰਹੀ ਸੀ। ਜਰਮਨੀ ਦੇ ਸੰਸਾਰ ਪ੍ਰਸਿੱਧ ਪਿਆਨੋ ਮਾਸਟਰ 'ਵਿਲਹੇਮ ਬਾਨਸ' ਨੇ ਉਸ ਨੂੰ ਪਿਆਨੋ ਤੇ ਗਾਉਂਦਿਆਂ ਸੁਣਿਆ ਤੇ ਉਸਨੂੰ ਸੰਗੀਤ ਸਿੱਖਿਆ ਲਈ ਲਿਪਜਿਗ ਭੇਜਣ ਦਾ ਸੁਝਾਅ ਦਿੱਤਾ। ਇਹ ਖ਼ਿਆਲ ਤਾਂ ਠੀਕ ਸੀ, ਪਰ ਗਰੀਬ ਜਾਇਸ ਪਰਿਵਾਰ ਕੋਲ ਏਨਾ ਪੈਸਾ ਕਿਥੇ ਸੀ ਕਿ ਉਹ ਖ਼ਰਚ ਕਰ ਸਕਦੇ। ਆਖ਼ਰ ਕਦਰਦਾਨ ਮਜ਼ਦੂਰ ਅੱਗੇ ਆਏ। ਉਨ੍ਹਾਂ 'ਏਲਨ ਫੰਡ' ਨਾਂ ਤੇ ਰਕਮ ਇਕੱਠੀ ਕਰਨੀ ਸ਼ੁਰੂ ਕਰ ਦਿੱਤੀ। ਉਦਾਰ ਚਿੱਤ ਕਿਰਤੀ ਆਪਣੀ ਤਨਖ਼ਾਹ ਵਿਚੋਂ ਕੁਝ ਰਕਮ ਫੰਡ ਲਈ ਦੇਣ ਲੱਗ ਪਏ। ਹੋਰ ਬਸਤੀਆਂ ਵਿਚ ਵੀ ਰਕਮ ਇਕੱਠੀ ਹੋਣ ਲੱਗ ਪਈ। ਸਭ ਥਾਂਈ ਇਹੋ ਜਿਹਾ ਕਿਹਾ ਜਾਂਦਾ ਕਿ ਏਲਨ ਨੂੰ ਲਿਪਜਿਗ ਜ਼ਰੂਰ ਭੇਜਿਆ ਜਾਵੇਗਾ। ਮਜ਼ਦੂਰ ਤਾਂ ਉਸ ਦੀ ਮਦਦ ਕਰ ਰਹੇ ਸਨ, ਪਰ ਹੁਣ ਜੁਆਰੀ ਲੋਕ ਵੀ ਆਪਣੀ ਜਿੱਤ ਦੀ ਰਕਮ ਵਿਚੋਂ 'ਏਲਨ ਫੰਡ' ਵਿਚ ਮਾਇਆ ਦੇਣ ਲੱਗ ਪਏ। ਇਸ ਤਰ੍ਹਾਂ ਨੌਂ ਸੌ ਪੌਂਡ ਇਕੱਠਾ ਹੋ ਗਿਆ ਤੇ ਏਲਨ ਜਾਇਸ ਨੂੰ ਜਰਮਨੀ ਭੇਜਿਆ ਗਿਆ।

ਲਿਪਜਿਗ ਵਿਚ ਸੰਗੀਤ ਨਾਲ ਇਕ ਜਾਨ ਹੋ ਕੇ, ਏਲਨ ਆਪਣੀ ਅਧੂਰੀ ਸਿੱਖਿਆ ਨੂੰ ਪੂਰੀ ਕਰਨ ਲੱਗੀ, ਪਰ ਹੌਲੀ-ਹੌਲੀ ਇਕੱਠੀ ਕੀਤੀ ਹੋਈ ਮਾਇਆ ਮੁੱਕਣ ਲੱਗ ਪਈ ਅਜੇ ਬਹੁਤ ਕੁਝ ਸਿੱਖਣਾ ਬਾਕੀ ਸੀ। ਪਰ ਨਿਰਾਸ਼ ਏਲਨ ਕੋਲ ਘਰ ਵਾਪਸ ਆਉਣ ਲਈ ਕਿਰਾਇਆ ਹੀ ਬਾਕੀ ਰਹਿ ਗਿਆ ਸੀ।

ਏਲਨ ਸੋਚ ਵਿਚਾਰ ਵਿਚ ਡੁੱਬੀ ਬੜੇ ਜੱਕੋ ਤੱਕਿਆਂ ਵਿਚ ਸੀ ਕਿ ਕੀ ਕੀਤਾ ਜਾਵੇ ਪਰ ਇਸ ਔਖੇ ਵੇਲੇ ਵੀ ਮੂਕ ਪੁਕਾਰ ਸੁਣੀ ਗਈ ਜਿਵੇਂ ਅਚਾਨਕ ਹੀ ਕੋਈ ਖਜ਼ਾਨਾ ਮਿਲ ਜਾਵੇ। ਏਲਨ ਨੂੰ ਇਸ ਮੁਸੀਬਤ ਦੇ ਵੇਲੇ ਸ੍ਰੀਮਤੀ 'ਲੇਸਨੀਏਂਡਰੇ' ਤੇ ਉਸ ਦਾ ਪਤੀ ਮਿਲ ਗਏ। ਜਾਇਸ ਨੂੰ ਉਨ੍ਹਾਂ ਆਪਣੀ ਪੁੱਤਰੀ ਦੀ ਤਰ੍ਹਾਂ ਸਮਝਿਆ ਤੇ ਖੁੱਲ੍ਹੇ ਦਿਲ ਨਾਲ ਉਸ ਦੀ ਸਹਾਇਤਾ ਕਰਨ ਲੱਗ ਪਏ। ਨਾਲ ਹੀ ਉਨ੍ਹਾਂ ਦੇ ਇਕ ਪ੍ਰਸਿੱਧ ਸੰਗੀਤਕਾਰ 'ਟੇਕਸੁਲਰ' ਨਾਲ ਹੀ ਉਸਦੀ ਜਾਣ ਪਹਿਚਾਣ ਕਰਵਾ

ਦਿੱਤੀ ਤੇ ਉਸਨੇ ਸੰਗੀਤ ਸਿਖਾਉਣ ਦਾ ਭਾਰ ਆਪਣੇ ਸਿਰ ਤੇ ਚੁੱਕ ਲਿਆ। ਉਸ ਬਜ਼ੁਰਗ ਸੰਗੀਤਕਾਰ ਨੇ ਬੜੇ ਹੀ ਪਿਆਰ ਤੇ ਮਿਹਨਤ ਨਾਲ ਉਸ ਨੂੰ ਸੰਗੀਤ ਦੀ ਸਿੱਖਿਆ ਦਿੱਤੀ। ਉਨ੍ਹਾਂ ਇਹ ਵੀ ਸਿਖਾਇਆ ਕਿ ਕਿਸ-ਕਿਸ ਤਰ੍ਹਾਂ ਦੇ ਸਾਜ਼ਾਂ ਦੇ ਨਾਲ ਕਰੁਣਾ ਸੰਵੇਦਨਾਂ ਤੇ ਅਨੰਦ ਭਰੀਆਂ ਰਾਗਨੀਆਂ ਉਦਵੇਲਿਤ ਅਤੇ ਪ੍ਰਕਾਸ਼ਮਾਨ ਕੀਤੀਆਂ ਜਾ ਸਕਦੀਆਂ ਹਨ ਅਤੇ ਕਿਸ ਤਰ੍ਹਾਂ ਸੰਗੀਤ ਨੂੰ ਪੁਰ ਅਸਰ ਬਣਾਇਆ ਜਾ ਸਕਦਾ ਹੈ। ਇਹ ਸਭ ਗੁਰੂਦੇਵ ਨੇ ਉਸ ਨੂੰ ਪੂਰੀ ਤਰ੍ਹਾਂ ਸਿਖਾ ਦਿੱਤੇ। ਉਹ ਸਮਝਦੀ ਰਹੀ ਕਿ ਉਸ ਦੇ ਸਰਪ੍ਰਸੱਤ ਗੁਰੂ ਨੂੰ ਕਾਫੀ ਫੀਸ ਦਿੰਦੇ ਰਹੇ ਹਨ ਪਰ ਜਦ ਉਹ ਸਫਲ ਕਲਾਕਾਰ ਬਣ ਗਈ ਤਾਂ ਕਈਆਂ ਸਾਲਾਂ ਬਾਅਦ ਪਤਾ ਲੱਗਾ ਕਿ ਗੁਰੂਦੇਵ ਨੇ ਉਸ ਨੂੰ ਸਿਖਾਉਣ ਦੀ ਫੀਸ ਨਹੀਂ ਲਈ। ਉਹ ਇਹ ਜਾਣ ਕੇ ਬਹੁਤ ਹੀ ਪ੍ਰਸੰਨ ਹੋਈ ਕਿ ਗੁਰੂ ਜੀ ਨੇ ਉਸਦੀ ਪ੍ਰਤਿਭਾ ਦੇਖ ਕੇ ਆਪ ਹੀ ਬੜੇ ਸ਼ੌਕ ਨਾਲ ਉਸਨੂੰ ਸਿੱਖਿਆ ਦਿੱਤੀ ਹੈ। ਇਸ ਸਥਿਤੀ ਵਿਚ ਫੀਸ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ। ਕਈ ਹੋਰ ਸੱਜਣ ਪੁਰਸ਼ਾਂ ਨੇ ਵੀ ਉਸ ਦੇ ਸੰਗੀਤ ਤੋਂ ਪ੍ਰਭਾਵਿਤ ਹੋ ਕੇ ਏਲਨ ਦੀ ਸਹਾਇਤਾ ਕੀਤੀ। ਕਈ ਆਦਮੀ ਉਸਨੂੰ ਪੱਕੀ ਤੇ ਸੱਚੀ ਲਗਨ ਸਦਕਾ ਸਹਾਇਤਾ ਦਿੰਦੇ ਰਹੇ। ਏਲਨ ਨੂੰ ਸੰਗੀਤ ਅਨੁਭਵ ਦੇ ਨਾਲ ਇਹ ਵੀ ਅਨੁਭਵ ਹੋਇਆ ਕਿ ਮਾਨਵਤਾ ਕਿਥੇ-ਕਿਥੇ ਲੁਕੀ ਪਈ ਹੈ।

ਏਲਨ ਜਾਇਸ ਸਿੱਖਿਆ ਸਮਾਪਤ ਕਰਕੇ ਸ੍ਰੀਮਤੀ ਲੇਸਨੀਏਂਡਰ ਦੇ ਪਰਿਵਾਰ ਨਾਲ ਲੰਡਨ ਚਲੀ ਗਈ। ਲੰਡਨ ਪਹੁੰਚ ਕੇ ਉਸਨੇ ਵਿਵਹਾਰਕ ਕਲਾ ਖੇਤਰ ਵਿਚ ਪ੍ਰਵੇਸ਼ ਕੀਤਾ। ਹੁਣ ਉਸ ਨੂੰ ਉੱਚੇ ਸਮਾਜ ਵਿਚ ਵੀ ਸੰਗੀਤ ਕਲਾ ਪੇਸ਼ ਕਰਨ ਦਾ ਮੌਕਾ ਮਿਲਿਆ। ਹੌਲੀ-ਹੌਲੀ ਉਸ ਦਾ ਚਰਚਾ ਸਭ ਪਾਸੇ ਹੋਣ ਲੱਗਾ।

ਪਰ ਇਹ ਸਫਲਤਾ ਉਸਨੂੰ ਆਸਾਨੀ ਨਾਲ ਹੀ ਪ੍ਰਾਪਤ ਨਹੀਂ ਹੋ ਗਈ। ਇੰਗਲੈਂਡ ਦੇ ਹਰ ਕਸਬੇ ਤੇ ਸ਼ਹਿਰ ਵਿਚ ਉਸਨੇ ਆਪਣੇ ਪ੍ਰੋਗਰਾਮ ਕੀਤੇ। ਉਸਨੂੰ ਪੈਸੇ ਵੀ ਬਹੁਤ ਘੱਟ ਮਿਲਦੇ ਰਹੇ। ਰਾਤ ਦਿਨ ਦੀ ਯਾਤਰਾ, ਰੱਦੀ ਭੋਜਨ ਤੇ ਸਸਤੇ ਹੋਟਲਾਂ ਦਾ ਵਾਸਾ, ਪਰ ਏਲਨ ਜਾਇਸ ਫੇਰ ਵੀ ਨਿਰਾਸ਼ ਨਾ ਹੋਈ।

ਸੰਨ 1939-45 ਦੇ ਯੁੱਧ ਵਿਚ, ਖੰਡਰ ਤੇ ਜਰਜਰ ਹੋਏ ਇੰਗਲੈਂਡ ਦਾ ਉਸਨੇ ਦੌਰਾ ਕੀਤਾ ਤੇ ਉਸਨੂੰ ਸਭ ਪਾਸਿਆਂ ਤੋਂ ਸਫਲਤਾ ਪ੍ਰਾਪਤ ਹੋਈ। ਹੁਣ ਹਰ ਜਲਸਾ ਉਸ ਦੀ ਪ੍ਰਸੰਸਾ ਤੇ ਤਾੜੀਆਂ ਦੇ ਸ਼ੋਰ ਵਿਚ ਖ਼ਤਮ ਹੁੰਦਾ। ਹੌਲੀ-ਹੌਲੀ ਲੱਛਮੀ ਵੀ ਉਸਦੇ ਪੈਰ ਚੁੰਮਣ ਲੱਗ ਪਈ। ਉਸ ਦੇ ਸੰਗੀਤਕ ਰਿਕਾਰਡਾਂ ਨੇ ਸਾਰੇ ਪਾਸੇ ਧੁੰਮ ਪਾ ਦਿੱਤੀ। ਵਧਦੇ-ਵਧਦੇ ਇਸ ਗਰੀਬ ਸੰਗੀਤ ਸਾਧਿਕਾ ਦੀ ਆਮਦਨੀ ਸਤਾਰਾਂ ਹਜ਼ਾਰ ਪੌਂਡ ਸਾਲਾਨਾ ਹੋ ਗਈ।

ਏਲਨ ਨੂੰ ਜੀਵਨ ਵਿਚ ਬਹੁਤ ਕੁਝ ਗਵਾਉਣਾ ਵੀ ਪਿਆ। ਯੁੱਧ ਵਿਚ ਉਸ ਦੇ ਪਤੀ ਦਾ ਦੇਹਾਂਤ ਹੋ ਗਿਆ, ਪਰ ਉਸ ਨੇ ਹਿੰਮਤ ਨਾ ਹਾਰੀ ਸਗੋਂ ਉਸ ਦੇ ਸੰਗੀਤ ਵਿਚ ਵੇਦਨਾ ਅਤੇ ਕਰੁਣਾ ਜਿਹਾ ਦ੍ਰਵਿਤ ਕਰਨ ਵਾਲਾ ਅਸਰ ਪੈਦਾ ਹੋ ਗਿਆ।

ਚਾਹੇ ਸੰਗੀਤ ਉਸ ਦੇ ਜੀਵਨ ਦਾ ਅੰਗ ਬਣ ਗਿਆ ਸੀ, ਪਰ ਏਲਨ ਆਪਣੇ ਪਰਿਵਾਰਕ ਜੀਵਨ ਦੇ ਕੰਮਾਂ ਵਿਚ ਵੀ ਬੜੀ ਦਿਲਚਸਪੀ ਲੈਂਦੀ ਸੀ। ਅੱਜ ਉਹ ਦੁਨੀਆਂ ਦੇ ਉਚ ਕੋਟੀ ਦੇ ਸੰਗੀਤਕਾਰਾਂ ਵਿਚ ਮੰਨੀ ਜਾਂਦੀ ਹੈ। ਉਸ ਦਾ ਕਹਿਣਾ ਹੈ 'ਮੇਰੇ ਬਾਗ ਵਿਚ ਜਦ ਕੋਇਲ ਬੋਲ ਉਠਦੀ ਹੈ ਤਾਂ ਮੇਰਾ ਮਨ ਬੇਚੈਨ ਹੋ ਜਾਂਦਾ ਹੈ। ਘਰ ਵੱਢਣ ਨੂੰ ਦੌੜਦਾ ਹੈ ਤੇ ਉਸ ਵੇਲੇ ਤਕ ਚੈਨ ਨਹੀਂ ਆਉਂਦਾ ਜਦ ਪਿਆਨੋ ਤੇ ਉਂਗਲੀਆਂ ਨਾਚ ਨਾ ਕਰ ਉਠਣ, ਇਹੋ ਮੇਰੀ ਸਫਲਤਾ ਦਾ ਭੇਦ ਹੈ। ਮੈਂ ਜਦ ਤਕ ਆਪਣੀ ਧੁਨ ਨੂੰ ਪੂਰਨ ਨਹੀਂ ਕਰ ਲੈਂਦੀ ਉਸ ਵੇਲੇ ਤਕ ਬੇਚੈਨ ਤੇ ਤੜਪਦੀ ਰਹਿੰਦੀ ਹਾਂ।

# BHAI PRITHIPAL SINGH MOHAN PAL SINGH A LINK WITH THE MUSICAL HERITAGE OF NANKANA SAHIB

Harjap Singh Aujla

We all know that since the days of Maharaja Ranjit Singh's empire "Gurdwara Janam Asthan Sri Nankana Sahib" and "Sri Darbar Sahib Amritsar" have been acknowledged to be the two shrines where the Sikh musical heritage was preserved at its pristine and sophisticated best. Other historic shrines used to look to these great places of worship for inspiration and guidance.

"Sri Darbar Sahib" is with us and we have extensively heard "Gurmat Sangeet" by the musicians in its service. We know this music since the days of Bhai Santa Singh and his contemporaries. We have also heard the music of Bhai Samund Singh ji of "Sri Nankana Sahib", but other than Bhai Samund Singh, we have not been really conversant with what his other contemporaries were singing.

At least I had the curiosity to know as to how the other, particularly the famous Rababi Kirtanias, used to sing "Gurbani" at "Gurdwara Janam Asthan Sri Nankana Sahib. To my good luck, by chance, I stumbled upon a musician, who represented the second generation of the refugee Raagis from Nankana Sahib.

It was the year 1976, I was posted as a sub-divisional engineer construction at Patiala. Police buildings in Fort Bahadurgarh were under my charge. I observed a huge sized Sikh wearing white clothes coming out of Gurdwara Bahadurgarh Sahib. This gurdwara is situated on the opposite side of Fort Bahadurgarh. A man, who knew this individual, told me that he is the finest classical musician in Patiala. He introduced the individual as Bhai Mohan Pal Singh.

True to my extrovert nature, I tried to open up with this so far mysterious musician. He quickly judged my curiosity and asked me if I have heard about Bhai Pal Singh Jaswant Singh and Bhai Gurmukh Singh Bhai Sarmukh Singh Fakkar of "Sri Nankana Sahib"? I answered in affirmative. He told me that he is one of the descendents of this great family of musicians. But he wanted me to hear him first and then decide if he is a worthy descendent of the famous Kirtanias of the yore. I asked him if he knew the Reets, in which Bhai Pal Singh Jaswant Singh used to sing at Nankana Sahib. He replied yes he can sing most of their "Reets". He gave me his home address, but he had no phone.

One fine holiday morning I decided to see him at his residence. He lived in a poor neighbourhood called "Tripuri" in Patiala city. The street leading to his home was only partly paved, the rest was potholed, muddy and dusty with milch cattle tied on both sides. On reaching his home I knocked at his door. The unpainted door was opened by Bhai Mohan Pal Singh himself. He was happy to receive me. He asked his lady to warm the milk for the guest, but I refused. He asked a young boy of twelve to bring the Tabla. He sang "Bilaskhani Todi". From his "Alaap" he appeared to be a pupil of Ustad Bade Ghulam Ali Khan, which he proudly admitted he was. He said during early sixties he and his cousin Prithipal Singh were sent to Khan Sahib Bade Ghulam Ali Khan in Bombay to learn the finer points of the singing traditions of "Patiala Gharana" and this training helped them a lot professionally. Ever since that training, they have been doing "Riaz" of what they learnt. While in Bombay they met legendry playback singer Mohammad Rafi too, who offered them lucrative assignments as chorus singers in film industry, but they politely rejected the offer saying that they don't want to quit their ancestral profession of singing for their Guru. He said even these days we both keep visiting Malerkotla to learn more about music from Ustad Bakar Ali Khan, the most accomplished music teacher of Patiala Gharana.

I was impressed. My father (Late Sardar Sochet Singh) lived in Chandigarh. During his college education days in Lahore Government College, he used to occasionally visit Nankana Sahib and was impressed with the singing skills of the Rababi Kirtanias of "Gurdwara Janam

Asthan”. He was quite curious to hear the voices of their descendents. I promised him that I shall bring them to Chandigarh for a special “Kirtan Diwan” at my father’s residence. But that moment eluded us. My father died on August 31, 1976. He could not hear them singing, but they were present and performing Kirtan on his “Antim Ardas” a few days later.

Bhai Mohan Pal Singh was always telling me that his cousin Bhai Prithipal Singh is even a better Kirtania. While in Patiala, I did not have the privilege of listening to Bhai Prithipal Singh and a desire to listen to him remained in my heart. But I often used to go to “Gurdwara Sri Dukh Niwaran Sahib at Patiala” and often heard Bhai Joginder Singh Mohinder Singh, the cousins of Bhai Mohan Pal Singh and Prithipal Singh perform “Gurmat Sangeet” and they were mesmerizing.

After coming to America, I had the privilege in 1985 of inviting Bhai Mohan Pal Singh, who was accompanying Bhai Shamsher Singh Zakhmi, to perform Shabad Kirtan at Gurdwara Bridgewater New Jersey. I made some recordings too. Bhai Mohan Pal Singh’s voice was power packed and highly cultured.

A few days ago a friend of mine guided me to listen to Sikh devotional music on longislandkirtan.com. I did and to my surprise in the folder on old vintage Kirtan, I stumbled upon some recordings in the voice of Bhai Prithipal Singh. There is Asa Di Vaar in two parts and there are 2 more MP-3s in the voice of this musician. After listening to these four folders, I rediscovered some remnants of the great traditions of “Shabad Kirtan” once alive at “Gurdwara Janam Asathan Sri Nankana Sahib”. I request all the genuine lovers of “Gurmat Sangeet” to listen to Bhai Prithipal Singh’s “Shabad Kirtan”. In some very small pieces he has given glimpses of his mastery over this dying art. Both Bhai Prithipal Singh and Bhai Mohan Pal Singh are not alive anymore. Both died a few years ago before attaining the age of sixty. Both lived and died in poverty. Our community never recognized their talents. They have been tormented financially but they never abandoned their traditions and never compromised with their music.

harjapaujla@gmail.com

## Grammy Awards 2017: Wanted to bring Gurbani to a larger audience, says White Sun singer Gurujas

Manraj Grewal Sharma -Hindustan Times

Los Angeles-based band White Sun bagged the Grammy for Best New Age Album at the 59th Annual Grammy Awards on February 12. The album, White Sun II, was released in August last year, and its title song was on top of Billboard charts for New Age music.

Los Angeles-based band White Sun bagged the Grammy for Best New Age Album at the 59th Annual Grammy Awards on February 12. The album, White Sun II, was released in August last year, and its title song was on top of Billboard charts for New Age music. Talking to HT on the phone from Spain, Gurujas Khalsa, 33, the lead singer and songwriter of the band, dwelt on how kundalini yoga helped to shape her award-winning album.

How does it feel to win the Grammy, and how do you plan to take this success forward?

It's an incredible feeling. It's difficult to describe it. Now we are working on a third album after which we will start touring. India is very much on our itinerary.

Also read | Grammy Awards 2017: Adele, David Bowie dethrone Queen Beyonce

Tell us a bit about your musical journey.

I was born and raised in Cleveland, Ohio. I grew up in a very musical family. My mother was a trained violinist and my sister used to play the piano. I was part of the Cleveland choir. But when I went to college in Michigan, music was relegated to a hobby. It came back to my life when I started learning kundalini yoga from Harjiwan Khalsa in Los Angeles in 2005. Harjiwan introduced me to Gurbani. I started hearing the music in the mantras. But it wasn't like the traditional kirtan. I was hearing the melody of the mantras differently, and I really wanted to make music. It was wonderful when my teacher Harjiwan formed our band in 2015.

Why is the band called White Sun?

Harjiwan gave it this name, it has a profound meaning, for in all time, space and universe, it is the central sun. Harjiwan formed the band because he wanted to bring Gurbani mantras to a larger audience so that many more people could benefit from them. The sound of these mantras has changed so many lives.

How did you get your name Gurujas?

I was given this name in 2005 when I embraced Sikhism.

You also teach kundalini yoga. Tell us a bit about your yogic journey.

Kundalini yoga has affected me in a miraculous way. Without it, I wouldn't be anywhere close to where I am at present. I used to practice hath yoga in college. Once a student asked our teacher about kundalini yoga and she told her that it was a very fast yoga. That caught my interest. When I went to LA, I searched for kundalini teachers and started learning it from Harjiwan. Though it appeared foreign to me from the outside, it felt very authentic and powerful on the inside. It taught me to feel the energy inside.

How did your family react to it?

It's interesting. When you practice kundalini, you don't drink, you don't smoke. It teaches you to practice kindness and compassion. It's hard for anyone to object to that. My husband, Harimander Singh Khalsa, is also an American Sikh. He works in Hollywood as a visual effects supervisor and has an Emmy Award to his credit. Our 11-month-old daughter, Pritam Shanti, was with me at the Grammys. Since 2005, I've been visiting India regularly. I am particularly fond of Gurdwara Goindwal Sahib, where I recite Japji Sahib on each of the 84 steps. I also enjoy going to Dharamshala and other Buddhist places.

Do you enjoy Indian music? Any favorite musicians?

Yes, very much. I am particularly fond of Bhai Kartar Singh, resident raagi of Gurdwara Bangla Sahib; Bhai Satnam Singh and Bhai Avtar Singh, among others. Sant Baba Nihal Singh is one of my teachers.

Any tips for young musicians and practitioners of kundalini yoga?

You just have to keep going, and striving to become better. Work very hard, push past all resistance from others and yourself, and keep challenging yourself.

Dawn of the White Sun

White Sun, a band formed in 2015 by Harijiwan Singh Khalsa, Gurujas Khalsa, and Adam Berry, is well-known for its musical interpretations of Gurbani hymns. Many of the lyrics of their second album, White Sun II, are hymns from the Jaap Sahib penned by Guru Gobind Singh.

Both the lead vocalist, Gurujas Khalsa, and instrumentalist Harjiwan Singh Khalsa are followers of late Yogi Harbhajan, who introduced kundalini yoga to the US. He set up the 3HO Foundation, which has over 300 centres in 35 countries.

The album has another Indian connection – tabla player Abhiman Kaushal, who was born and raised in Hyderabad. In an email exchange with HT, Kaushal said he was initiated into tabla by his father RB Kaushal, a disciple of the legendary Ustad Amir Hussain Khan. In his formative years, Kaushal learnt tabla from renowned Ustad Sheikh Dawood of Hyderabad. At present, Kaushal is faculty and director for music of India at the University of California, Los Angeles, ( UCLA) and faculty at the University of California, Riverside,.

Kaushal says Gurujas contacted him for the musical collaboration. "This was one of the most inspiring merging of sounds I have ever experienced." Berry composes the band's music and is a two-time Emmy winner for his work on animated satire South Park. (Writer tweets @grewal_sharma)

# ਰਾਗ ਤਿਲੰਗ – ਗੁਰਬਖ਼ਸ਼ ਸਿੰਘ (ਪੁਸਤਕ ਰਾਗਾਂਜਲੀ ਵਿਚੋਂ)

WWW.GURBANIRAAGS.COM

ਇਹ ਬਹੁਤ ਮਸ਼ਹੂਰ ਹਰਮਨ ਪਿਆਰਾ ਓਢਵ ਜਾਤੀ ਦਾ ਰਾਗ ਖਮਾਜ ਠਾਠ ਦਾ ਹੈ ਜਿਸਦੇ ਆਰੋਹ ਅਵਰੋਹ ਵਿੱਚ ਰਿਖਬ ਤੇ ਧੈਵਤ ਵਰਜਤ ਸੁਰ ਹਨ। ਆਰੋਹ ਵਿੱਚ ਸ਼ੁੱਧ ਨਿਖਾਦ ਅਤੇ ਅਵਰੋਹ ਵਿੱਚ ਕੋਮਲ ਨਿਖਾਦ ਵਰਤਿਆ ਜਾਂਦਾ ਹੈ ਅਤੇ ਬਾਕੀ ਸੁਰ ਸ਼ੁੱਧ ਹਨ। ਇਸ ਰਾਤ ਦੇ ਸਮੇਂ ਗਾਉਣ ਵਾਲੇ ਰਾਗ ਵਿੱਚ ਵਾਦੀ ਸੁਰ ਗੰਧਾਰ ਅਤੇ ਸੰਵਾਦੀ ਸੁਰ ਨਿਖਾਦ ਹੈ। ਬੇਸ਼ੱਕ ਰਿਖਬ ਸੁਰ ਵਰਜਤ ਹੈ ਪਰ ਤਾਰ ਸਪਤਕ ਵਿੱਚ ਅਵਰੋਹ ਕਰਦਿਆਂ ਇਸ ਸੁਰ ਦੀ ਵਰਤੋਂ ਖੁੱਲੇ ਤੌਰ ਤੇ ਹੁੰਦੀ ਹੈ। ਮੱਧ ਸਪਤਕ ਵਿੱਚ ਵੀ ਅਵਰੋਹ ਵਿੱਚ ਧੈਵਤ ਅਤੇ ਰਿਖਬ ਦੇ ਕਣ ਜਦ ਲੱਗਦੇ ਹਨ ਤਾਂ ਰਾਗ ਦੀ ਸੁੰਦਰਤਾ ਵਧਦੀ ਹੈ। ਇਸ ਰਾਗ ਦੇ ਅੰਤਰੇ ਦਾ ਉਠਾਵ ਗੰਧਾਰ ਤੋਂ ਸ਼ੁਰੂ ਕਰਨਾ ਚਾਹੀਦਾ ਹੈ ਨਾ ਕਿ ਮੱਧਯਮ ਤੋਂ। ਮ ਪ ਨ ਸਂ ਕਰਨ ਨਾਲ ਰਾਗ ਸਾਰੰਗ ਅੱਗੇ ਆਉਂਦਾ ਹੈ ਪਰ ਗ ਮ ਪ ਨ ਸਂ ਕਰਨ ਨਾਲ ਤਿਲੰਗ ਸਾਹਮਣੇ ਆਏਗਾ। ਇਸ ਰਾਗ ਦਾ ਸੁਭਾਅ ਚੰਚਲ ਹੈ ਇਸ ਕਰਕੇ ਇਸ ਵਿੱਚ ਠੁਮਰੀ, ਦਾਦਰਾ, ਗ਼ਜ਼ਲ ਆਦਿ ਬਹੁਤ ਸਜਦੇ ਹਨ ਅਤੇ ਵਿਲੰਬਤ ਖਿਆਲ ਬਹੁਤ ਘੱਟ ਗਾਏ ਜਾਂਦੇ ਹਨ। ਇਸ ਦੇ ਨਿਆਸ ਸੁਰ ਗੰਧਾਰ, ਪੰਚਮ ਅਤੇ ਨਿਖਾਦ ਹਨ।

ਚਾਲ : ਗ ਰਸ – ਨ਼ – ਸ, ਸ ਨੁ ਪ਼ ਨ਼ ਸ ਗ – ਸ, ਨ਼ ਸ ਗ ਮ ਗ – ਗ ਮ ਪ ਮ ਗ – ਰਸ, ਨ਼ ਸ, ਗ ਮ ਪ ਮ ਗ – ਸ ਗ ਮ ਪ ਗ ਮ ਗ – ਗ ਮ ਪ ਨੁ ਪ ਮ ਗ – ਨ਼ ਸ, ਸ ਗ ਮ ਪ ਨੁ – ਪ – ਗ, ਮ ਪ ਨ – ਸਂ, ਗ ਮ ਪ ਨ ਸਂ ਨੁ ਪ ਮ ਗ – ਗ ਮ ਗ – ਨ਼– ਸ, ਗ ਮ ਪ ਨ ਸਂ ਨੁ ਪ – ਨ –, ਸਂ, ਪ ਨ ਸਂ ਗਂ – ਮਂ ਗਂ ਰਂ ਸਂ, ਪ ਨੁ ਪ ਮ ਗ ਮ ਪ ਨ ਸਂ – ਸਂ ਨੁ ਪ ਮ ਗ– ਗ ਮ ਗ – ਰਸ

## ਅਸਥਾਈ (ਝਪਤਾਲ)

| x | | 2 | | | 0 | | 3 | | |
|---|---|---|---|---|---|---|---|---|---|
| ਪ | – | ਮ | ਪ | ਮ | ਗ | ਮ | ਪ | – | ਨ |
| ਮਿ | s | ਹ | s | ਰ | ਵਾ | s | s | s | ਨ |
| ਸਂ | – | ਨੁ | ਪ | ਪ | ਗ | – | ਗ | ਮ | ਪ |
| ਸਾ | s | ਹਿ | s | ਬ | ਮੇ | s | ਰਾ | s | s |
| ਨੁ | – | ਪ | ਮ | ਪ | ਗ | ਮ | ਗ | – | ਰਸ |
| ਮਿ | s | ਹ | s | ਰ | ਵਾ | s | ਨ | s | s |
| ਸ | ਸ | ਗ | – | ਗ | ਮਮ | ਗ | ਗ | ਮ | ਪ |
| ਜੀ | ਅ | s | s | ਸ | ਗਲ | s | ਕ | ਉ | s |
| ਨੁ | – | ਪ | ਮ | ਪ | ਗ | ਮ | ਪ | – | – |
| ਦੇ | s | ਹਿ | s | s | ਦਾ | s | ਨ | s | s |
| ਸਂ | ਨੁਸਂ | ਨੁ | ਪ | ਮ | ਗ | ਮ | ਗ | – | ਰਸ |
| ਮਿ | ss | ਹ | s | ਰ | ਵਾ | s | ਨ | s | s |
| **ਅੰਤਰਾ:–** | | | | | | | | | |
| | | | | | | | | | ਪ |
| | | | | | | | | | ਤੂ |
| ਗ | – | ਗ | – | ਮ | ਪ | – | ਨ | ਨ | – |
| ਕਾ | s | ਹੇ | s | s | ਡੋ | s | ਲ | ਹਿ | s |
| ਸਂ | – | – | – | ਨ | ਸਂ | – | ਨ | – | ਸਂ |
| ਪ੍ਰਾ | s | s | s | ਣੀ | ਅ | s | ਤੁ | s | ਧ |
| ਗਂ | – | ਗਂ | – | ਮਂ | ਰਂ | ਰਂ | ਸਂ | – | ਸਂ |
| ਰਾ | s | ਖੇ | s | ਗਾ | ਸਿ | ਰ | ਜ | s | ਨ |
| ਸਂ | – | ਨੁ | ਪ | – | ਮ | ਪ | ਮ | ਗ | – |
| ਹਾ | s | s | s | s | ਰ | s | s | s | s |
| ਸ | – | ਗ | – | ਗ | ਗ | – | ਮ | – | ਗ |
| ਜਿ | s | ਨ | s | ਪੈ | ਦਾ | s | ਇ | s | ਸ |
| ਪ | – | – | – | ਮ– | ਪ | – | – | – | – |
| ਤੂ | s | s | s | ਕੀs | ਆ | s | s | s | s |
| ਨੁ | – | ਨੁ | – | ਪ | ਪ | ਪ | ਮ | – | ਮ |
| ਸੋ | s | ਈ | s | s | ਦੇ | ਇ | s | s | ਅ |
| ਗ | ਮ | ਪ | – | ਮ | ਗ | – | – | – | – |
| ਧਾ | s | s | s | s | ਰ | s | s | s | s |
| ਨ਼ੁ | – | ਪ਼ | – | ਨ਼ | ਸ | – | – | – | ਸ |
| ਮਿ | s | ਹ | s | ਰ | ਵਾ | s | s | s | ਨ |

Postal Regd. No. CH/0045/2015-2017 RNI Regd.No. 46788/89 ISSN 0972-2335

## ਸ਼ਬਦ ਅਰਥ

ਤਿਲੰਗ ਮਹਲਾ ੫ ਘਰੁ ੩ ॥

ਮਿਹਰਵਾਨੁ ਸਾਹਿਬੁ ਮਿਹਰਵਾਨੁ ॥

Merciful, the Lord Master is Merciful.

ਸਾਹਿਬੁ ਮੇਰਾ ਮਿਹਰਵਾਨੁ ॥

My Lord Master is Merciful.

ਜੀਅ ਸਗਲ ਕਉ ਦੇਇ ਦਾਨੁ ॥ ਰਹਾਉ ॥

He gives His gifts to all beings. ||Pause||

ਤੂ ਕਾਹੇ ਡੋਲਹਿ ਪ੍ਰਾਣੀਆ ਤੁਧੁ ਰਾਖੈਗਾ ਸਿਰਜਣਹਾਰੁ ॥

Why do you waver, O mortal being? The Creator Lord Himself shall protect you.

ਜਿਨਿ ਪੈਦਾਇਸਿ ਤੂ ਕੀਆ ਸੋਈ ਦੇਇ ਆਧਾਰੁ ॥੧॥

He who created you, will also give you nourishment. ||1||

ਜਿਨਿ ਉਪਾਈ ਮੇਦਨੀ ਸੋਈ ਕਰਦਾ ਸਾਰ ॥

The One who created the world, takes care of it.

ਘਟਿ ਘਟਿ ਮਾਲਕੁ ਦਿਲਾ ਕਾ ਸਚਾ ਪਰਵਦਗਾਰੁ ॥੨॥

In each and every heart and mind, the Lord is the True Cherisher. ||2||

ਕੁਦਰਤਿ ਕੀਮ ਨ ਜਾਣੀਐ ਵਡਾ ਵੇਪਰਵਾਹੁ ॥

His creative potency and His value cannot be known; He is the Great and carefree Lord.

ਕਰਿ ਬੰਦੇ ਤੂ ਬੰਦਗੀ ਜਿਚਰੁ ਘਟ ਮਹਿ ਸਾਹੁ ॥੩॥

O human being, meditate on the Lord, as long as there is breath in your body. ||3||

ਤੂ ਸਮਰਥੁ ਅਕਥੁ ਅਗੋਚਰੁ ਜੀਉ ਪਿੰਡੁ ਤੇਰੀ ਰਾਸਿ ॥

O God, You are all-powerful, inexpressible and imperceptible; my soul and body are Your capital.

ਰਹਮ ਤੇਰੀ ਸੁਖੁ ਪਾਇਆ ਸਦਾ ਨਾਨਕ ਕੀ ਅਰਦਾਸਿ ॥੪॥੩॥

By Your Mercy, may I find peace; this is Nanak's lasting prayer. ||4||3||